ੴ ਸਤਿਗੁਰ ਪ੍ਰਸਾਦਿ ॥

(ਸ ਸਥਾਪਕ ਭਾਈ ਵੀਰ ਸਿੰਘ)

# ਮਾਸਿਕ ਨਿਰਗੁਣੀਆਰਾ

ਸਾਲ : 121 ਟ੍ਰੈਕਟ ਨੰ : 1716 ਜੁਲਾਈ-ਸਤੰਬਰ 2015 ਭੇਟਾ : 20/-

## ਤਤਕਰਾ

1. ਸ ਪਾਦਕੀ: ਡਾ. ਸ.ਪ.ਸਿ ਘ 1

2. ਭਾਈ ਵੀਰ ਸਿੰਘ ਜੀ ਦਾ ਸੰਸਥਾਗਤ ਸਰੂਪ: 2

3. ਭਾਈ ਵੀਰ ਸਿੰਘ ਅਤੇ ਚੀ ਖ਼ਾਲਸਾ ਦੀਵਾਨ —ਸ. ਅਜੀਤ ਸਿੰਘ 5

4. ਭਾਈ ਵੀਰ ਸਿੰਘ ਅਤੇ ਖ਼ਾਲਸਾ ਟ੍ਰੈਕਟ ਸੁਸਾਇਟੀ —ਡਾ. ਹਰਚੰਦ ਸਿੰਘ ਬੇਦੀ 9

5. ਭਾਈ ਵੀਰ ਸਿੰਘ ਅਤੇ ਸੈਂਟਰਲ ਖ਼ਾਲਸਾ ਯਤੀਮਖ਼ਾਨਾ —ਡਾ. ਜ.ਸ. ਸਾਬਰ 12

6. ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ —ਡਾ. ਗ ਗਆਣੀ 15

7. ਭਾਈ ਵੀਰ ਸਿੰਘ ਬਿਰਧ ਘਰ ਤਰਨ ਤਾਰਨ —ਡਾ. ਰੁਪਿੰਦਰ ਕੌਰ 18

8. ਖ਼ਾਲਸਾ ਪ੍ਰਚਾਰਕ ਵਿਦਿਆ ਤਰਨ ਤਾਰਨ —ਅਮਨਪ੍ਰੀਤ ਸਿੰਘ 20

9. ਖ਼ਾਲਸਾ ਸੈਂਟਰਲ ਹਸਪਤਾਲ —ਡਾ. ਹਰਪ੍ਰੀਤ ਸਿੰਘ 22

10. ਭਾਈ ਵੀਰ ਸਿੰਘ ਦੀ 58ਵੀਂ ਬਰਸੀ ਸਮੇਂ ਸ਼ਰਧਾਂਜ਼ਲੀਆਂ 23

11. ਭਾਈ ਵੀਰ ਸਿੰਘ ਖ ਜਕੇਂਦਰ —ਡਾ. ਹਰਚੰਦ ਸਿੰਘ ਬੇਦੀ 24

**ਸਰਪ੍ਰਸਤ**: ਸ੍ਰ. ਚਰਨਜੀਤ ਸਿੰਘ ਚੱਢਾ, ਪ੍ਰਧਾਨ
**ਮੁੱਖ ਸੰਪਾਦਕ** : ਡਾ: ਸ.ਪ. ਸਿੰਘ
**ਸੰਪਾਦਕ**: ਡਾ: ਜਸਬੀਰ ਸਿੰਘ 'ਸਾਬਰ'

**ਸਲਾਹਕਾਰ ਮੰਡਲ**
ਸ੍ਰ. ਨਿਰਮਲ ਸਿੰਘ, ਸ੍ਰ. ਨਰਿੰਦਰ ਸਿੰਘ ਖ਼ੁਰਾਣਾ,
ਡਾ. ਜਸਵਿੰਦਰ ਸਿੰਘ ਢਿੱਲ ',
ਸ੍ਰ. ਸੰਤ ਖ ਸਿੰਘ ਸੇਠੀ, ਬੀਬੀ ਕਿਰਨਜਤ ਕੌਰ
ਸ੍ਰ. ਕੁਲਜੀਤ ਸਿੰਘ, ਡਾ. ਧਰਮਵੀਰ ਸਿੰਘ, ਸ੍ਰ. ਅਜੀਤ ਸਿੰਘ

**ਪ੍ਰਕਾਸ਼ਕ**
ਖ਼ਾਲਸਾ ਟ੍ਰੈਕਟ ਸੁਸਾਇਟੀ
ਚੀ ਖ਼ਾਲਸਾ ਦੀਵਾਨ
ਜੀ.ਟੀ. ਰ ਡ, ਅੰਮ੍ਰਿਤਸਰ — 143001
Ph.- 0183-2562253
E-mail- ktsckd@gmail.com
E-mail- edu_committeeckd@yahoo.com

**ਪ੍ਰਿੰਟਰ**
ਪ੍ਰਿੰਟਵੈੱਲ, 146, ਇੰਡ੍ਰਸਟੀਅਲ ਕਲ ਪੁਆਇੰਟ, ਅੰਮ੍ਰਿਤਸਰ

## ਸੰਪਾਦਕੀ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੁਆਰਾ ਆਰੰਭਿਆ ਗਿਆ ਪੱਤਰ 'ਨਿਰਗੁਣੀਆਰਾ' ਸਿੱਖ ਵਿਚਾਰਧਾਰਾ ਤੇ ਸਿੱਖ ਸੋਚ ਨੂੰ ਸਮਰਪਿਤ ਹੈ। ਨਿਰਗੁਣੀਆਰਾ ਦੀ ਪ੍ਰਕਾਸ਼ਨਾ ਦਾ ਮਨੋਰਥ ਸਿੱਖ ਸਿਧਾਂਤਾਂ ਤੇ ਸਿੱਖ ਨਜ਼ਰੀਏ ਨੂੰ ਪੇਸ਼ ਕਰਨ ਦੇ ਨਾਲ-ਨਾਲ ਭਾਈ ਵੀਰ ਸਿੰਘ ਜੀ ਦੀ ਯਾਦ ਨੂੰ; ਉਨ੍ਹਾਂ ਦੀਆਂ ਲਿਖਤਾਂ ਤੇ ਸਿੱਖ ਪੁਨਰਜਾਗਰਿਤੀ ਲਈ ਕੀਤੇ ਗਏ ਠੋਸ ਯਤਨਾਂ ਨਾਲ ਪਾਠਕਾਂ ਨੂੰ ਜਾਣੂ ਕਰਵਾਉਣਾ ਵੀ ਹੈ। ਸਾਨੂੰ ਪ੍ਰਸੰਨਤਾ ਹੈ ਕਿ ਭਾਈ ਸਾਹਿਬ ਦੇ ਚਿੰਤਨ ਦੇ ਅਨੁਸਾਰ ਹੱਥਲਾ ਅੰਕ ਭਾਈ ਸਾਹਿਬ ਦੁਆਰਾ ਸਥਾਪਤ ਕੀਤੀਆਂ ਗਈਆਂ ਸੰਸਥਾਵਾਂ ਨਾਲ ਪਾਠਕਾਂ ਨੂੰ ਵਾਕਫ਼ ਕਰਵਾਉਣਾ ਹੈ। ਇਨ੍ਹਾਂ ਸੰਸਥਾਵਾਂ ਵਿਚ ਪ੍ਰਮੁੱਖ ਚੀਫ਼ ਖ਼ਾਲਸਾ ਦੀਵਾਨ ਹੈ, ਜੋ ਅੱਜ ਵੀ ਉਨ੍ਹਾਂ ਲੀਹਾਂ ਤੇ ਚੱਲਦੇ ਹੋਏ, ਸਿਖਿਆ ਦੇ ਪਾਸਾਰ ਤੇ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਤ ਕਰਨ ਲਈ ਨਿਰੰਤਰ ਤੌਰ ਤੇ ਯਤਨਸ਼ੀਲ ਹੈ। ਚੀਫ਼ ਖ਼ਾਲਸਾ ਦੀਵਾਨ ਵਲੋਂ ਭਾਈ ਸਾਹਿਬ ਦੀ ਸ਼ਖ਼ਸੀਅਤ ਨੂੰ ਠੀਕ ਪ੍ਰਸੰਗ ਵਿਚ ਪ੍ਰਸਤੁਤ ਕਰਨ ਲਈ ਵੱਖ-ਵੱਖ ਪੱਧਰਾਂ ਤੇ, ਨਿਰੰਤਰ ਤੌਰ ਤੇ ਯਤਨ ਕੀਤੇ ਜਾ ਰਹੇ ਹਨ। ਇਸ ਪ੍ਰਸੰਗ ਵਿਚ ਸਭ ਤੋਂ ਵੱਧ ਮਹੱਤਵਪੂਰਨ 'ਭਾਈ ਵੀਰ ਸਿੰਘ ਖੋਜ ਕੇਂਦਰ' ਦੀ ਸਥਾਪਨਾ ਹੈ ਜਿਸ ਦੀ ਸਥਾਪਤੀ ਦਾ ਮੂਲ ਮੰਤਵ ਭਾਈ ਸਾਹਿਬ ਦੀਆਂ ਰਚਨਾਵਾਂ, ਵਿਭਿੰਨ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਅਧਿਐਨ ਤੇ ਤੱਥਾਂ ਉਪਰ ਆਧਾਰਤ, ਖੋਜ ਤੇ ਵਿਸ਼ਲੇਸ਼ਣ ਕਰਕੇ ਨਵੀਂ ਪੀੜ੍ਹੀ ਨੂੰ ਜਾਣਕਾਰੀ ਪ੍ਰਦਾਨ ਕਰਨਾ ਹੈ ਤੇ ਭਾਈ ਸਾਹਿਬ ਦੀ ਸ਼ਖ਼ਸੀਅਤ ਸੰਬੰਧੀ ਦੋਖੀਆਂ ਦੁਆਰਾ ਪਾਏ ਗਏ ਸ਼ੰਕਿਆਂ ਨੂੰ ਨਵਿਰਤ ਕਰਨਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਹ ਕੇਂਦਰ ਆਪਣੇ ਮਿਥੇ ਆਦਰਸ਼ਾਂ ਦੀ ਪੂਰਤੀ ਕਰਨ ਵਿਚ ਸਫ਼ਲ ਹੋਵੇਗਾ। 'ਨਿਰਗੁਣੀਆਰਾ' ਚੀਫ਼ ਖ਼ਾਲਸਾ ਦੀਵਾਨ ਦੀ ਸੁਯੋਗ ਟੀਮ, ਸ: ਚਰਨਜੀਤ ਸਿੰਘ ਚੱਢਾ, ਪ੍ਰਧਾਨ ਤੇ ਨਰਿੰਦਰ ਸਿੰਘ ਖੁਰਾਣਾ, ਕਾਰਜਕਾਰੀ ਸਕੱਤਰ ਦੇ ਸਹਿਯੋਗ ਨਾਲ ਸਾਬਤ ਕਦਮਾਂ ਨਾਲ ਵਿਕਾਸ ਦੀਆਂ ਬੁਲੰਦੀਆਂ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋਵੇਗਾ।

**ਸ.ਪ. ਸਿੰਘ**
**ਮੁੱਖ ਸੰਪਾਦਕ**

# ਵੱਡੇ ਦੀਆਂ ਵੱਡਿਆਈਆਂ: ਭਾਈ ਵੀਰ ਸਿੰਘ ਜੀ ਦਾ ਸੰਸਥਾਗਤ ਸਰੂਪ

(ਭਾਈ ਵੀਰ ਸਿੰਘ ਜੀ ਦਾ ਅਕਸ ਬਤੌਰ ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਵਜੋਂ ਸਰਬ ਪ੍ਰਵਾਨਤ ਹੈ। ਪਰੰਤੂ ਉਹ ਵਰਡਜ਼ਵਰਥ ਵਾਂਗ ਕਾਦਰ ਦੀ ਸਾਜੀ ਬਹੁ ਰੰਗੀ ਕੁਦਰਤ ਤੋਂ ਬਲਿਹਾਰ ਹੁੰਦਿਆਂ ਜਨ-ਕਲਿਆਣਕਾਰੀ ਕਾਰਜਾਂ ਵਿਚ ਵੀ ਸੰਪੂਰਨ ਲੀਨ ਸੀ। ਏਸੇ ਲਈ ਉਨ੍ਹਾਂ ਨੇ ਮਾਨਵ-ਜੀਵਨ ਨੂੰ ਸੰਵਾਰਨ, ਸ਼ਿੰਗਾਰਨ 'ਤੇ ਉਭਾਰਨ ਲਈ ਅਨੇਕ-ਸੰਸਥਾਵਾਂ ਦੀ ਸਥਾਪਨਾ ਵਿਚ ਨਿਗਰ ਭੂਮਿਕਾ ਨਿਭਾਈ। ਇਨ੍ਹਾਂ ਸੰਸਥਾਵਾਂ ਦੇ ਉਸਾਰੀ ਕਾਰਜਾਂ ਵਿਚ ਪਾਏ ਯੋਗਦਾਨ ਬਾਰੇ ਨਾਮਵਰ ਉੱਚ ਸਖ਼ਸੀਅਤਾਂ ਦੇ ਵਿਚਾਰ ਪਾਠਕਾਂ ਦੇ ਸਨਮੁਖ ਪੇਸ਼ ਕੀਤੇ ਜਾ ਰਹੇ ਹਨ- **ਸੰਪਾਦਕ।**)

**ਸੰਸਥਾਮਈ ਸ਼ਕਤੀਆਂ ਦਾ ਮੰਬਾ (ਸੋਮਾ) ਡਾ:ਭਾਈ ਵੀਰ ਸਿੰਘ ਸੰਤ ਸਿੰਘ (ਸਾਬਕਾ) ਆਨਰੇਰੀ ਸਕੱਤਰ,ਚੀਫ਼ ਖ਼ਾਲਸਾ ਦੀਵਾਨ:** ਭਾਈ ਸਾਹਿਬ ਵੀਰ ਸਿੰਘ ਕਿਸੇ ਨੂੰ ਧਰਮੀ, ਕਿਸੇ ਨੂੰ ਭਗਤੀ ਰੱਤਾ ਸੰਤ, ਕਿਸੇ ਨੂੰ ਕਲਾਕਾਰ ਅਥਵਾ ਸਾਹਿਤਕਾਰ, ਕਿਸੇ ਨੂੰ ਦੇਸ਼ ਭਗਤ ਤੇ ਕਿਸੇ ਨੂੰ ਵੀਹਵੀਂ ਸਦੀ ਦਾ ਉੱਘਾ ਸੁਧਾਰਕ, ਕਿਸੇ ਵੀ ਰੂਪ ਵਿਚ ਪਏ ਦਿੱਸਣ ਪਰ ਇਹ ਵਿਆਪਕ ਸਚਾਈ ਹੈ ਕਿ ਜਿਸ ਪਹਿਲੂ ਤੋਂ ਕਿਸੇ ਨੇ ਆਪ ਨੂੰ ਤੱਕਿਆ, ਜਾਚਿਆ ਯਾ ਪਰਖਿਆ ਉਹ ਨਿਖਰਵੇਂ ਤੇ ਉਘੜਵੇਂ ਰੰਗਾਂ ਵਿਚ ਨਜ਼ਰ ਆਏ। ਜਿਨ੍ਹਾਂ ਨੇ ਨੇੜੇ ਹੋ ਕੇ ਆਪ ਦੇ ਭਰੱਪਣ ਨੂੰ ਮਾਣਿਆ ਉਨ੍ਹਾਂ ਨੇ ਆਪ ਵਿਚ ਵਡ-ਭਾਈਆਂ ਵਾਲੀਆਂ ਵਡਿਆਈਆਂ ਤੱਕੀਆਂ। ਸ਼ਾਇਦ ਇਸੇ ਕਰਕੇ ਆਪ ਭਰ ਜਵਾਨੀ ਵਿਚ ਇਕ ਚੰਗੀ ਚੌੜੀ ਦੁਨੀਆਂ ਵਿਚ "ਭਾਈ ਸਾਹਿਬ" ਦੇ ਨਾਮ ਨਾਲ ਪਯਾਰੇ ਅਤੇ ਸਤਿਕਾਰੇ ਜਾਣ ਲਗ ਪਏ। ਪਰ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀਆਂ ਨੂੰ ਭਾਈ ਸਾਹਿਬ ਵਿਚ ਉਪਰਲੀਆਂ ਸਭ ਕਲਾਂ ਤੋਂ ਨਿਖੜਵੀਂ ਇਕ ਹੋਰ ਅਨੋਖੀ ਕਲਾ ਨਜ਼ਰ ਆਈ। ਦੀਵਾਨ ਇਕ ਸੰਸਥਾ ਹੈ। ਇਸ ਨੇ ਆਪਣੀ ਸੰਸਥਾਮਈ ਹੈਸੀਅਤ ਵਿਚ ਭਾਈ ਸਾਹਿਬ ਨੂੰ ਤੱਕਿਆ ਅਤੇ ਆਪ ਨੂੰ ਸੰਸਥਾਮਈ ਸ਼ਕਤੀਆਂ ਦਾ ਇਕ ਮੰਬਾ (ਸੋਮਾ) ਮਹਿਸੂਸ ਕੀਤਾ ਹੈ। ਆਪ ਦੀ ਸਮਰੱਥਾ, ਇਕ ਬਲਵਾਨ ਸੰਸਥਾ ਦੇ ਤੁੱਲ ਹੈ। ਸਤਿਗੁਰੂ ਦੀ ਮੇਹਰ ਸਦਕਾ, ਆਪ ਵਲੋਂ ਦੀਵਾਨ ਦੇ ਆਗੂ ਹੋਕੇ ਸੇਵਾ ਦੇ ਕੰਮ ਕਰਨ ਨਾਲ, ਦੀਵਾਨ ਨੂੰ ਇਕ ਭਾਰੀ ਸ਼ਕਤੀ ਨਸੀਬ ਹੋਈ। ਪੰਥਕ ਜਥੇਬੰਦੀਆਂ ਵਿਚ ਕੰਮ ਕਰਨ ਵਾਲਿਆਂ ਲਈ ਆਪ ਵਲੋਂ ਸਿਖਿਆ ਸੀ ਕਿ ਸਤਿਗੁਰੂ ਤੇ ਨਿਸਚਾ ਰਖੋ, ਗੁਰੂ ਹੁਕਮਾਂ (ਗੁਰਬਾਣੀ) ਤੋਂ ਰੋਸ਼ਨੀ ਲਵੋ ਅਤੇ ਨਿਸ਼ਕਾਮ ਹੋਕੇ ਸਰਬੱਤ ਦੇ ਭਲੇ ਵਿਚ ਜੁਟੇ ਰਹੋ।

ਭਾਈ ਸਾਹਿਬ ਵੀਰ ਸਿੰਘ ਜੀਵਨ ਭਰ ਦੀਵਾਨ ਦੇ ਸਭ ਆਸ਼੍ਰਮਾਂ ਦੀ ਸਰਪ੍ਰਸਤੀ ਕਰਦੇ ਰਹੇ। ਲੋਕ ਭਲਾਈ ਲਈ ਸਾਜੇ ਇਨ੍ਹਾਂ ਪਰਉਪਕਾਰੀ ਆਸ਼੍ਰਮਾਂ ਦੀਆਂ ਲੋੜਾਂ ਥੋੜਾਂ ਪੂਰਾ ਕਰਨ ਵਿਚ ਆਪ ਦੀ ਉਦਾਰਤਾ,ਹਮਦਰਦੀ ਅਤੇ ਨਿੱਗਰ ਸਹਾਇਤਾ ਦਾ ਚੋਖਾ ਹਿੱਸਾ ਹੈ।

**ਬ੍ਰਿਟਿਸ਼ ਸਰਕਾਰ ਦੀਆਂ ਨਜ਼ਰਾਂ ਵਿਚ ਭਾਈ ਵੀਰ ਸਿੰਘ:** ਭਾਈ ਸਾਹਿਬ ਵੀਰ ਸਿੰਘ ਜੀ ਨੂੰ ਬ੍ਰਿਟਿਸ਼ ਸਰਕਾਰ ਨੇ ਕਿਸ ਰੰਗ ਵਿਚ ਦੇਖਿਆ, ਇਸ ਦਾ ਉੱਤਰ 1911 ਦੀ ਇਕ ਸਰਕਾਰੀ ਡਾਇਰੀ ਦੀਆਂ ਇਨ੍ਹਾਂ ਸਤਰਾਂ ਤੋਂ ਵੇਖਿਆ ਜਾ ਸਕਦਾ ਹੈ:

"..........Bhai Vir Singh is Editor and Manager of 'Khalsa Smachar', a Gurmukhi journal which is published at Amritsar. Vir Singh is mentioned from sources as a leading figure in the Sikh revival and is disloyal to the core. He is one of the astute Aroras who seem, for the present, to have controlling voice in the counsels of the Chief Khalsa Diwan. Vir Singh has much influence over Sundar Singh Majithia and is very intimate with Trilochan Singh.........He is reported to do overtures to the Head Granthi of the Golden Temple with a view to have that institution under the control of the new Sikh party..........At present,he has complete control over the Khalsa Tract Society..........He may safely be regarded zealous new Sikh and thoroughly anti-British." (D.Petrie)

"ਭਾਈ ਵੀਰ ਸਿੰਘ ਖਾਲਸਾ ਸਮਾਚਾਰ ਦਾ ਐਡੀਟਰ ਅਤੇ ਮੈਨੇਜਰ ਹੈ, ਜਿਹੜਾ ਅਖਬਾਰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੁੰਦਾ ਹੈ। ਜ਼ਰੀਏ ਦੱਸਦੇ ਹਨ ਕਿ ਸਿਖਾਂ ਵਿਚ ਨਵੀਂ ਜਾਗ੍ਰਤ ਲਿਆਉਣ ਵਿਚ ਵੀਰ ਸਿੰਘ ਇਕ ਉਘੀ ਹਸਤੀ ਹੈ ਅਤੇ ਇਹ ਤਹਿ ਦਿਲੋਂ (ਬ੍ਰਿਟਿਸ਼ ਰਾਜ ਦਾ) ਬਾਗ਼ੀ ਹੈ। ਇਹ ਚਤੁਰ ਅਰੋੜਿਆਂ ਵਿਚੋਂ ਇਕ ਹੈ, ਜੋ ਮਲੂਮ ਹੁੰਦਾ ਹੈ ਇਸ ਵਕਤ ਚੀਫ਼ ਖ਼ਾਲਸਾ ਦੀਵਾਨ ਦਿਆਂ ਕੰਮਾਂ ਵਿਚ ਅਸਰਦਾਰ ਅਵਾਜ਼ ਰਖਦੇ ਹਨ। ਵੀਰ ਸਿੰਘ ਦਾ ਸੁੰਦਰ ਸਿੰਘ ਮਜੀਠੀਆ ਪੁਰ ਬਹੁਤ ਅਸਰ ਹੈ ਤੇ ਤ੍ਰਿਲੋਚਨ ਸਿੰਘ ਨਾਲ ਇਸ ਦਾ ਗੂੜਾ ਮੇਲ ਹੈ........। ਪਤਾ ਲਗਾ ਹੈ ਕਿ ਇਹ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਨਾਲ ਸਾਜ਼ ਬਾਜ਼ ਰਖਦਾ ਹੈ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਨਵੀਂ ਸਿੱਖ ਪਾਰਟੀ ਦੇ ਅਧੀਨ ਹੋ ਜਾਵੇ।....ਇਸ ਵਕਤ ਖਾਲਸਾ ਟ੍ਰੈਕਟ ਸੁਸਾਇਟੀ ਪਰ ਇਸ ਦਾ ਪੂਰਾ ਵਸੀਕਾਰ ਹੈ। ਇਸ ਨੂੰ ਸੁਖੈਨਤਾ ਨਾਲ ਪੱਕਾ ਨਵਾਂ ਸਿਖ ਤੇ ਕੱਟੜ ਬ੍ਰਿਟਿਸ਼ ਵਿਰੋਧੀ ਗਰਦਾਨਿਆ ਜਾ ਸਕਦਾ ਹੈ।"

(.......ਇਸ ਲਿਖਤ ਤੋਂ ਜਿਥੇ ਭਾਈ ਸਾਹਿਬ ਜੀ ਦਾ ਸਰ ਸੁੰਦਰ ਸਿਘ ਜੀ ਮਜੀਠੀਏ ਤੇ ਸਰਦਾਰ ਤ੍ਰਿਲੋਚਨ ਸਿੰਘ ਆਦਿ ਦੀਵਾਨ ਦੀਆਂ ਪ੍ਰਸਿਧ ਵਿਅਕਤੀਆਂ ਤੇ ਪ੍ਰਭਾਵ ਪ੍ਰਜਵਲਤ ਹੁੰਦਾ ਹੈ ਉਥੇ ਭਾਈ ਸਾਹਿਬ ਦਾ ਦੇਸ਼ ਪਿਆਰ ਭੀ ਦੇਖਿਆ ਜਾ ਸਕਦਾ ਹੈ।- ਸੰਪਾਦਕ)

**ਸਰਦਾਰ ਉੱਜਲ ਸਿੰਘ ਸਾਬਕਾ ਰਾਜਪਾਲ, ਪੰਜਾਬ:** ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਜੀਵਨ ਕਥਾ ਸਰਵਮੁੱਖੀ ਹੈ ਤੇ ਆਪ ਅਨੇਕ ਸ਼ਕਤੀਆਂ ਦੇ ਮਾਲਕ ਤੇ ਸਮੁੱਚੇ ਗੁਣਾਂ ਦੇ ਪੁੰਜ ਸਨ।

ਉਨ੍ਹਾਂ ਦੀ ਇਤਨੀ ਵਿਸ਼ਾਲ ਸ਼ਖ਼ਸੀਅਤ ਸੀ, ਜਿਸ ਦਾ ਥੋੜ੍ਹੇ ਜਿਹੇ ਸਮੇਂ ਵਿਚ ਵਰਣਨ ਕਰਨਾ ਸੰਭਵ ਨਹੀਂ। ਉਹ ਆਪਣੇ ਆਪ ਵਿਚ ਇਕ ਸੰਸਥਾ ਸਨ।

**ਜਿਨ੍ਹਾ ਸਾਸਿ ਗਿਰਾਸਿ ਨ ਵਿਸਰੇ ਹਰਿਨਾਮਾ ਮਨਿ ਮੰਤੁ ॥**
**ਧੰਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ ॥**

ਉਨ੍ਹਾਂ ਦੀ ਸੰਗਤ ਤੇ ਛੂਹ ਨਾਲ ਅਨੇਕਾਂ ਜੀਵਨੀਆਂ ਵਿਚ ਪਲਟਾ ਆਇਆ। ਆਪ ਨਾਮ ਰਸ ਵਿਚ ਮਗਨ ਰਹਿਣਾ ਤੇ ਨਾਮ ਜਪਣ ਦਾ ਅਭਿਆਸ ਹੋਰਨਾਂ ਹਿਰਦਿਆਂ ਵਿਚ ਪਾਣਾ, ਇਹ ਉਨ੍ਹਾਂ ਦਾ ਆਮ ਵਰਤਾਉ ਸੀ।

ਅੱਜ ਅਸਾਡੇ ਅੱਖਾਂ ਦੇ ਸਾਹਮਣੇ ਬੇਸ਼ਕ ਭਾਈ ਸਾਹਿਬ ਨਹੀਂ ਹਨ ਪਰ ਉਹਨਾਂ ਦੇ ਜਾਦੂ ਭਰੇ ਮਿੱਠੇ ਤੇ ਰਸ-ਭਿੰਨੜੇ ਲੇਖ ਅਸਾਡੀ ਸਦਾ ਲਈ ਅਗਵਾਈ ਕਰਨ ਲਈ ਮੌਜੂਦ ਹਨ। ਭਾਈ ਸਾਹਿਬ ਦੇ ਜਾਣ ਨਾਲ ਮਾਨੋ ਸਿੱਖ ਇਤਿਹਾਸ ਵਿਚ ਇਕ ਜੁਗ ਦੀ ਸਮਾਪਤੀ ਹੋਈ ਹੈ। ਇਸ ਜੁਗ ਵਿਚ ਸਿੰਘ ਸਭਾ ਲਹਿਰ, ਵਿੱਦਿਆ, ਪ੍ਰਚਾਰ, ਭਾਈਚਾਰਕ ਸੁਧਾਰ, ਧਰਮ ਪ੍ਰਚਾਰ ਤੇ ਪੰਜਾਬੀ ਸਾਹਿਤ ਨੇ ਇਕ ਚੰਗਾ ਚਮਤਕਾਰਾ ਦਿਖਾਇਆ ਤੇ ਜਨਤਾ ਦੀ ਵਡਮੁੱਲੀ ਸੇਵਾ ਕੀਤੀ। ਆਓ ਅਸੀਂ ਭਾਈ ਸਾਹਿਬ ਦੇ ਸੰਦੇਸ਼ ਨੂੰ ਆਪਣੇ ਹਿਰਦਿਆਂ ਵਿਚ ਵਸਾਈਏ ਤੇ ਉਸ ਦਾ ਪ੍ਰਚਾਰ ਦੂਜਿਆਂ ਵਿਚ ਕਰੀਏ ਤਾਂ ਜੋ ਅਸੀਂ ਸਾਰੇ ਚੰਗੇ ਸਿੱਖ ਤੇ ਸ਼ਹਿਰੀ ਬਣ ਕੇ ਦੇਸ਼ ਤੇ ਕੌਮ ਦੀ ਸੇਵਾ ਕਰ ਸਕੀਏ।

**ਧਨੀ ਰਾਮ ਚਾਤ੍ਰਿਕ :** ਭਾਈ ਸਾਹਿਬ ਦਾ ਜਨਮ ਸਿੰਘ ਸਭਾ ਲਹਿਰ ਦੇ ਜਨਮ ਦੇ ਨਾਲ ਹੋਇਆ। ਸਿੰਘ ਸਭਾ ਲਹਿਰ ਭਾਈ ਸਾਹਿਬ ਦੇ ਨਾਲ ਜਵਾਨ ਹੋਈ ਅਤੇ ਬ੍ਰਿਧ ਹੋਈ। ਗੁਰਦੁਆਰਾ ਲਹਿਰ, ਅਕਾਲੀ ਲਹਿਰ ਸਭ ਪਿਛੋਂ ਦੀ ਪੈਦਾਇਸ਼ ਹਨ। ਭਾਵੇਂ ਉਨ੍ਹਾਂ ਲਹਿਰਾਂ ਨੇ ਆਪੋ ਆਪਣਾ ਕਿੰਨਾ ਭੀ ਵਕਾਰ ਉੱਚਾ ਕਰ ਲਿਆ ਹੋਵੇ ਪਰ ਚੀਫ਼ ਖ਼ਾਲਸਾ ਦੀਵਾਨ ਦੀ ਚਟਾਨ ਉਸੇ ਤਰ੍ਹਾਂ ਮਜ਼ਬੂਤ ਚਲੀ ਆ ਰਹੀ ਹੈ। ਮੇਰਾ ਭਾਵ ਇਹ ਦੱਸਣ ਤੋਂ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਚੀਫ਼ ਖ਼ਾਲਸਾ ਦੀਵਾਨ ਦੇ ਭੀ ਰੂਹ ਰਵਾਂ, ਸਿੱਖ ਐਜੂਕੇਸ਼ਨਲ ਕਮੇਟੀ ਦੇ ਭੀ ਰੂਹ ਰਵਾਂ, ਖ਼ਾਲਸਾ ਕਾਲਜ ਕਮੇਟੀ ਦੇ ਰੂਹ ਰਵਾਂ, ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਰੂਹ ਰਵਾਂ ਅਤੇ ਅਜ ਕਲ ਜੋ ਕੁਝ ਪੰਜਾਬੀ ਸਾਹਿਤਕ ਪ੍ਰਚਾਰ ਹੋ ਰਿਹਾ ਹੈ, ਉਨ੍ਹਾਂ ਸਭਨਾਂ ਅੰਦੋਲਨਾਂ ਦੀ ਸਮੁੱਚੀ ਗੰਢ ਭਾਈ ਸਾਹਿਬ ਦੇ ਹੱਥ ਵਿਚ ਹੈ। ਪਰ ਖ਼ੂਬਸੂਰਤੀ ਇਹ ਹੈ ਕਿ ਉਹ ਨਾ ਕਦੇ ਪਲੇਟ ਫਾਰਮ ਤੇ ਖੜੋਤੇ ਤੇ ਨਾ ਆਪਣੇ ਨਾਮ ਨਾਲ ਕੋਈ ਇਬਾਰਤ ਹੀ ਲਿਖੀ। ਇਹ ਆਪ ਦੀ ਕਲਮ ਦੀ ਕਰਾਮਾਤ ਹੈ ਕਿ ਜਦ ਤੋਂ ਲਿਖਣਾ ਸ਼ੁਰੂ ਕੀਤਾ ਹੈ ਅਜ ਤਕ ਬਰਾਬਰ ਮਸ਼ੀਨ ਵਾਂਗ ਚਲ ਰਹੀ ਹੈ ਅਤੇ ਆਪ ਦਾ ਸਟਾਈਲ ਟਕਸਾਲੀ ਹੋ ਚੁੱਕਾ ਹੈ। ਕਈ ਲੱਖਾਂ ਦੀ ਗਿਣਤੀ ਵਿਚ ਵਾਰਤਕ ਅਤੇ ਛੰਦਾ ਬੰਦੀ ਵਿਚ ਟ੍ਰੈਕਟ ਨਿਕਲ ਚੁੱਕੇ ਹਨ। "ਭਾਈ ਸਾਹਿਬ ਦੀ ਇਕੱਲੀ ਕਲਮ ਨੇ ਜੋ ਸੇਵਾ ਸਿੱਖੀ ਦੇ ਪ੍ਰਚਾਰ ਲਈ ਕੀਤੀ ਹੈ ਉਹ ਸ਼ਾਇਦ ਹੀ ਭਾਈ ਗੁਰਦਾਸ ਜੀ ਤੋਂ ਬਾਦ ਕਿਸੇ ਇਕ ਇਕੱਲੇ ਗੁਰਸਿਖ ਦੇ ਹਿੱਸੇ ਆਈ ਹੋਵੇ।"

ਆਪ ਦੇ ਪੈਰ ਚਿੱਤਰਾਂ ਉੱਤੇ ਤੁਰ ਕੇ ਹੋਰ ਅਨੇਕਾਂ ਮੇਰੇ ਵਰਗੇ ਲਿਖਾਰੀਆਂ ਨੇ ਸੇਵਾ ਵਿੱਚ ਹਿੱਸਾ ਪਾਇਆ। ਅਤੇ ਅੱਜ ਪੰਜਾਬੀ ਇਕ ਸਿਖ਼ਰ ਤੇ ਖਲੋਤੀ ਹੋਈ ਬੋਲੀ ਹੋਰ ਬੋਲੀਆਂ ਦੇ ਬਰਾਬਰ ਜਾ ਖਲੋਣ ਦਾ ਮਾਣ ਮਰਤਬਾ ਪ੍ਰਾਪਤ ਕਰ ਰਹੀ ਹੈ। ਇਸ ਸਾਰੀ ਵਿਜਯ ਦਾ ਸਿਹਰਾ ਭਾਈ ਸਾਹਿਬ ਦੇ ਸੀਸ ਤੇ ਸਜਿਆ ਹੋਇਆ ਹੈ। ਮੈਨੂੰ ਫ਼ਖ਼ਰ ਹੈ ਕਿ ਮੈਂ ਪੂਰੇ ਅਠਾਰਾਂ ਸਾਲ ਆਪ ਦੀਆਂ ਨਿਗਾਹਾਂ ਹੇਠ ਗੁਜ਼ਾਰੇ ਤੇ ਆਪ ਦੀ ਛੱਤਰ ਛਾਇਆ ਹੇਠ ਵਿਕਾਸ ਪ੍ਰਾਪਤ ਕੀਤਾ। ਮੈਂ ਬੜਾ ਧੰਨ ਭਾਗੀ ਹਾਂ ਕਿ ਆਪ ਜੈਸੇ ਸਰਬੋਤਮ, ਸਰਬ ਪ੍ਰਿਯ, ਕਵੀ ਚੂੜਾ ਮਣਿ ਦੇ ਸ਼ਾਗਿਰਦ ਹੋਣ ਦਾ ਗੌਰਵ ਪ੍ਰਾਪਤ ਹੈ। ਆਪ ਜੀ ਭਾਵੇਂ ਮੇਰੇ ਨਾਲੋਂ ਉਮਰ ਵਿਚ ਕੇਵਲ ਚਾਰ ਸਾਲ ਹੀ ਵਡੇਰੇ ਹਨ ਪਰ ਜਦ ਕਦੀ ਭੀ ਆਪ ਮੈਨੂੰ ਪਿਆਰ ਨਾਲ ਸੰਬੋਧਨ ਕਰਦੇ ਤਦ "ਕਾਕਾ" ਸ਼ਬਦ ਸੁੱਤੇ ਸਿੱਧ ਮੂੰਹੋ ਨਿਕਲ ਜਾਂਦਾ, ਉਸ ਵੇਲੇ ਜੋ ਸਰੂਰ ਮੇਰੇ ਲੂੰ ਲੂੰ ਵਿਚ ਥਰਥਰਾਉਣ ਲਗ ਜਾਂਦਾ ਉਸ ਦੇ ਸੁਆਦ ਨੂੰ ਲਿਖ ਕੇ ਨਹੀਂ ਦਸ ਸਕਦਾ, ਗੁੰਗੇ ਦੀ ਮਿਠਿਆਈ ਵਾਂਗ ਅੰਦਰੋਂ ਹੀ ਅੰਦਰ ਘੁਲ ਘੁਲ ਕੇ ਲੰਘ ਜਾਂਦਾ। ਸ਼ੁਕਰ ਹੈ ਮੈਨੂੰ "ਕਾਕਾ" ਕਹਿਣ ਵਾਲਾ ਮੇਰੇ ਸਿਰ ਤੇ ਮੌਜੂਦ ਸੀ।

**ਡਾ. ਗੁਰਚਰਨ ਸਿੰਘ:** ਅਸਲ ਵਿਚ ਭਾਈ ਵੀਰ ਸਿੰਘ ਪੰਜਾਬੀ ਸਾਹਿਤ ਵਿਚ ਇਕ ਵਿਅਕਤੀ ਨਹੀਂ ਸੰਸਥਾ ਸਨ ਜਿਨ੍ਹਾਂ ਨੇ ਤਕਰੀਬਨ 40 ਸਾਲ ਆਪਣੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤਕਾਰਾਂ ਦਾ ਮਾਰਗ ਦਰਸ਼ਨ ਕੀਤਾ ਅਤੇ ਪੰਜਾਬੀ ਪਾਠਕਾਂ ਦੀ ਸੋਚ ਨੂੰ ਇਕ ਨਵੀਂ ਨਿਸ਼ਚਿਤ ਦ੍ਰਿਸ਼ਟੀਕੋਨ ਤੇ ਦਸ਼ਾ ਦਿੱਤੀ। ਆਧੁਨਿਕ ਸਮੇਂ ਦੇ ਉਨ੍ਹਾਂ ਪ੍ਰਤਿਬੱਧ ਲੇਖਕਾਂ ਦੇ ਆਪ ਮੋਹਰੀ ਕਹੇ ਜਾ ਸਕਦੇ ਹਨ ਜਿਨ੍ਹਾਂ ਕੋਲ ਇਕ ਸੁਨਿਸਚਿਤ ਚਿੰਤਨ ਸੀ ਅਤੇ ਜੋ ਪੂਰੀ ਨਿਸ਼ਠਾ ਨਾਲ ਆਪਣੀਆਂ ਰਚਨਾਵਾਂ ਰਾਹੀਂ ਇਸ ਦਾ ਪ੍ਰਚਾਰ ਕਰਦੇ ਰਹੇ ਅਤੇ ਜਿਨ੍ਹਾਂ ਨੇ ਪੰਜਾਬੀ ਪਾਠਕਾਂ ਦੇ ਦਿਲਾਂ ਵਿਚ ਆਪਣੇ ਲਈ ਐਨੀ ਸ਼ਰਧਾ ਅਤੇ ਸਤਿਕਾਰ ਪੈਦਾ ਕਰ ਲਿਆ ਕਿ ਇਕ ਸਮੇਂ ਲਈ, ਉਨ੍ਹਾਂ ਦੀ ਹਰ ਗਲ ਨੂੰ ਉਹ ਅੱਟਲ ਸਚਾਈ ਵਾਗੂੰ ਜਾਂ ਰਬੀ ਬੋਲ ਵਾਗੂੰ ਮੰਨਦੇ ਅਤੇ ਆਪਣੇ ਜੀਵਨ ਵਿਚ ਗ੍ਰਹਿਣ ਕਰਨ ਦਾ ਯਤਨ ਕਰਦੇ ਸਨ।

**ਕਰਨਲ ਜਗਜੀਤ ਸਿੰਘ ਗੁਲੇਰੀਆ:** ਅਕਾਸ਼ ਵਿਚ ਅਣਗਿਣਤ ਤਾਰੇ ਹੁੰਦੇ ਹਨ ਪਰ ਸਾਰਿਆਂ ਦੀ ਲੋਅ ਇਕੋ ਜਿਹੀ ਨਹੀਂ ਹੁੰਦੀ। ...ਸੰਸਾਰ ਵਿਚ ਅਣਗਿਣਤ ਜੀਵ ਜਨਮਦੇ ਹਨ ਪਰ ਉਨ੍ਹਾਂ ਵਿਚੋਂ ਕੋਈ ਵਿਰਲੀ, ਪਵਿੱਤਰ ਆਤਮਾ ਹੀ ਰੋਸ਼ਨ ਮੁਨਾਰੇ ਦਾ ਕੰਮ ਦਿੰਦੀ ਹੈ, ਜੋ ਜੀਵਨ ਦੇ ਭੁਲੇ ਹੋਏ ਪਾਂਧੀਆਂ ਨੂੰ ਸਹੀ ਰਾਹੇ

ਪਾ ਕੇ ਅਸਲੀ ਪੰਧ ਤਕ ਪਹੁੰਚਾਉਂਦੀ ਹੈ। ਭਾਈ ਵੀਰ ਸਿੰਘ ਅਜਿਹੇ ਸਨ।

ਸਾਹਿੱਤ ਸੇਵਾ ਤੋਂ ਛੁੱਟ ਕੌਮੀ ਬਿਹਤਰੀ ਲਈ ਵੀ ਆਪ ਜੀ ਨੇ ਕਈ ਨਿਗਰ ਕੰਮ ਕੀਤੇ। ਚੀਫ਼ ਖ਼ਾਲਸਾ ਦੀਵਾਨ ਦੇ ਆਪ ਮੋਢੀਆਂ ਵਿਚੋਂ ਸਨ। ਅੰਮ੍ਰਿਤਸਰ ਵਿਚ ਸੈਂਟਰਲ ਖ਼ਾਲਸਾ ਯਤੀਮ ਖਾਨਾ, ਸੂਰਮਾ ਸਿੰਘ ਆਸ਼ਰਮ, ਹੋਮਿਓਪੈਥਿਕ ਫਰੀ ਹਸਪਤਾਲ, ਤਰਨ ਤਾਰਨ ਵਿਚ ਪ੍ਰਚਾਰਕ ਵਿਦਿਆਲਾ, ਬਿਰਧ ਘਰ ਤੇ ਹਸਪਤਾਲ ਆਦਿ ਅਨੇਕਾਂ ਆਸ਼ਰਮ ਆਪ ਜੀ ਦੀ ਅਣਥੱਕ ਘਾਲਨਾ ਦਾ ਸਿੱਟਾ ਹਨ। ਗੁਰਧਾਮਾਂ ਦੀ ਸੇਵਾ ਵੀ ਆਪ ਜੀ ਨੇ ਰੱਜ ਕੇ ਕੀਤੀ। ਕਸ਼ਮੀਰ ਵਿਚ ਛੇਵੇਂ ਪਾਤਸ਼ਾਹ ਦਾ ਗੁਰਧਾਮ, ਸਿੰਘਪੁਰੇ ਤੇ ਹਿਮਾਲਿਆ ਦੀ ਚੋਟੀ ਤੇ ਸ੍ਰੀ ਹੇਮਕੰਟ ਸਾਹਿਬ ਆਪ ਜੀ ਦੇ ਗੁਰੂ-ਪਿਆਰ ਦਾ ਸਬੂਤ ਹਨ। ਪੰਥ ਦੀ ਆਰਥਿਕ ਔਕੜ ਨੂੰ ਦੂਰ ਕਰਨ ਲਈ ਜੋ ਆਪ ਜੀ ਅਤੇ ਆਪ ਦੇ ਸਾਥੀਆਂ ਨੇ ਰਲ ਕੇ 1908 ਵਿਚ ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਕੀਤੀ ਉਸ ਤੋਂ ਆਪ ਜੀ ਦੀ ਕੌਮੀ ਆਰਥਿਕ ਉਨਤੀ ਦੇ ਖ਼ਿਆਲ ਦੀ ਦੂਰ-ਦਰਸ਼ਤਾ ਦਾ ਪਤਾ ਲਗਦਾ ਹੈ।

1957 ਦੇ ਆਰੰਭ ਤੋਂ ਹੀ ਆਪ ਆਪਣੇ ਨਿਵਾਸ ਅਸਥਾਨ ਸ੍ਰੀ ਅੰਮ੍ਰਿਤਸਰ ਵਿਚ ਹੀ ਅਰਾਮ ਕਰ ਰਹੇ ਸਨ। ਜੂਨ ਵਿਚ ਆਪ ਨੇ ਕਸੌਲੀ ਜਾਣ ਦੀ ਤਿਆਰੀ ਕੀਤੀ ਪਰ ਅਚਾਨਕ ਬੁਖਾਰ ਹੋ ਗਿਆ। ਡਾਕਟਰਾਂ ਨੇ ਪਿਆਰ ਤੇ ਲਗਨ ਨਾਲ ਸੇਵਾ ਕੀਤੀ ਪਰ ਧੁਰ ਦਰਗਾਹੋਂ ਆਏ ਸਦੇ ਨੂੰ ਕੋਈ ਟਾਲ ਨ ਸਕਿਆ। ਅੰਤ 10 ਜੂਨ, 1957 ਨੂੰ ਆਪ ਵਾਹਿਗੁਰੂ ਦੀ ਗੋਦ ਵਿਚ ਜਾ ਬਿਰਾਜੇ।

ਬੇਸ਼ਕ ਸਰੀਰਕ ਤੌਰ ਤੇ ਭਾਈ ਸਾਹਿਬ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਦੇ ਕੰਮ ਸਾਡੀ ਰਾਹਨੁਮਾਈ ਕਰਦੇ ਰਹਿਣਗੇ। ਉਨ੍ਹਾਂ ਦੀ ਸ਼ਖ਼ਸੀਅਤ ਸਾਨੂੰ ਨੇਕ ਇਨਸਾਨ ਬਣਨ ਲਈ ਰਸਤਾ ਦਿਖਾਉਂਦੀ ਰਹੇਗੀ।

**ਸੰਤ ਸਿੰਘ ਸੇਖੋਂ** : ਪੰਜਾਬੀ ਸਾਹਿਤ ਤੇ ਸੰਸਕ੍ਰਿਤੀ ਪੁਨਰ-ਜਨਮ ਦੇ ਇਤਿਹਾਸ ਵਿਚ ਸਭ ਤੋਂ ਵਧੇਰੇ ਗੌਰਵ ਵਾਲਾ ਨਾਮ ਸ਼ਾਇਦ ਆਧੁਨਿਕ ਪੰਜਾਬ ਦੇ ਪ੍ਰਮੁੱਖ ਕਵੀ ਤੇ ਸਾਹਿਤਕਾਰ ਭਾਈ ਵੀਰ ਸਿੰਘ ਦਾ ਹੈ। ਇਹ ਇਕ ਅਚੰਭੇ ਵਾਲੀ ਗਲ ਹੈ ਕਿ ਜਿਥੇ ਆਮ ਕਰ ਕੇ ਦਲਿਤ ਜਾਤੀਆਂ ਤੇ ਕੌਮਾਂ ਦੇ ਪੁਨਰ ਜਨਮ ਤੇ ਕਲਿਆਣ ਦੇ ਪ੍ਰਮੁੱਖ ਨੇਤਾ ਰਾਜਸੀ ਜਾਂ ਧਾਰਮਿਕ ਨੇਤਾ ਹੁੰਦੇ ਹਨ ਉੱਥੇ ਆਧੁਨਿਕ ਪੰਜਾਬ ਦੇ ਪੁਨਰ-ਜਨਮ ਦਾ ਨੇਤਾ ਇਕ ਕਵੀ ਤੇ ਸਾਹਿਤਕਾਰ ਹੈ ਤੇ ਇਹ ਸਾਹਿਤਕਾਰ ਭਾਈ ਵੀਰ ਸਿੰਘ ਹੈ।

**ਡਾ. ਹਰਬੰਸ ਸਿੰਘ**: ਜਿਵੇਂ ਹੀਰੇ ਦੀ ਝਲਕ ਬਹੁ-ਪੱਖੀ ਹੁੰਦੀ ਹੈ ਤਿਵੇਂ ਹੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਵੀ ਅਨੇਕ ਪੱਖੀ ਹੈ। ਆਧੁਨਿਕ ਪੰਜਾਬੀ ਸਾਹਿੱਤ ਦੇ ਉਹ ਪਿਤਾਮਾ ਸਨ। ਗੁਰਬਾਣੀ ਦੇ ਸ਼੍ਰੋਮਣੀ ਵਿਆਖਿਆਕਾਰ, ਗੁਰੂ ਇਤਿਹਾਸ ਦੇ ਖੋਜੀ ਤੇ ਮਹਾਨ ਸੰਪਾਦਕ, ਧਾਰਮਿਕ, ਵਿਦਿਅਕ, ਆਰਥਿਕ ਤੇ ਦੀਨ ਦੁਖੀਆਂ ਦੇ ਸਹਾਰੇ ਲਈ ਅਨੇਕ ਸੰਸਥਾਵਾਂ ਦੇ ਮੋਢੀ ਸੰਸਥਾਪਕ ਸਨ।

ਅੱਜ ਉਨ੍ਹਾਂ ਦੀਆਂ ਰਚਨਾਵਾਂ ਦੀ ਪ੍ਰਸੰਸਾ ਹੋ ਰਹੀ ਹੈ। ਯੂਨੈਸਕੋ, ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਅਕਾਦਮੀ, ਭਾਸ਼ਾ ਵਿਭਾਗ ਅਤੇ ਯੂਨੀਵਰਸਿਟੀਆਂ ਵਲੋਂ ਉਨ੍ਹਾਂ ਦੀਆਂ ਰਚਨਾਵਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਰਾਹੀਂ ਵਿਦਵਾਨ ਤੇ ਰੀਸਰਚ ਸਕਾਲਰ ਯੂਨੀਵਰਸਿਟੀਆਂ ਤੋਂ ਡਾਕਟਰਰੇਟ ਦੀਆਂ ਡਿਗਰੀਆਂ ਪ੍ਰਾਪਤ ਕਰਦੇ ਹਨ।

**ਨਰਿੰਦਰਪਾਲ ਸਿੰਘ (ਪੂਨਾ)**: ਇਹੋ ਜਿਹੀ ਇਕ ਸ਼ਖਸੀਅਤ ਸੀ ਭਾਈ ਵੀਰ ਸਿੰਘ ਜੀ ਦੀ ਅਜੇ ਬਾਲ ਉਮਰਾ ਹੀ ਸੀ ਕਿ ਬਹੁਤੇ ਮਹਾਨ ਪੁਰਸ਼ਾਂ ਵਾਂਗ ਆਪ ਨੇ ਨਵੀਆਂ ਲੀਹਾਂ ਉੱਤੇ ਟੁਰਨਾਂ ਸ਼ੁਰੂ ਕਰਕੇ ਰਸਮ ਤੇ ਰਿਵਾਜਾਂ ਨੂੰ ਚੈਲੰਜ ਕੀਤਾ। ਬਚਪਨ ਦੇ ਬਹੁਤੇ ਵਰ੍ਹੇ ਅਪਣੇ ਨਾਨਾਂ ਪੰਡਤ ਹਜ਼ਾਰਾ ਸਿੰਘ ਜੀ ਪਾਸ ਬੀਤੇ। ਪੰਡਿਤ ਜੀ ਸੰਸਕ੍ਰਿਤ, ਬ੍ਰਿਜਭਾਸ਼ਾ ਤੇ ਫ਼ਾਰਸੀ ਦੇ ਵਿਦਵਾਨ ਸਨ। ਬ੍ਰਿਜਭਾਸ਼ਾ ਵਿਚ ਲਿਖਿਆ ਕਰਦੇ ਸਨ। ਭਾਈ ਸਾਹਿਬ ਦੇ ਪਿਤਾ ਡਾਕਟਰ ਚਰਨ ਸਿੰਘ ਵੀ ਬ੍ਰਿਜਭਾਸ਼ਾ ਨੂੰ ਹੀ ਬਹੁਤ ਅਪਣਾਉਂਦੇ, ਪਰ ਭਾਈ ਵੀਰ ਸਿੰਘ ਜੀ ਨੇ ਕਿਹਾ : "ਇਹ ਮੰਗਵੇਂ ਖੰਭ ਮੇਰੀ ਕਲਪਨਾ ਦੀਆਂ ਉਡਾਰੀਆਂ ਲਈ ਰਾਸ ਨਹੀਂ ਆਉਣਗੇ, ਇਹ ਖੰਭ ਮੈਨੂੰ ਮੇਰੇ ਆਦਰਸ਼ਕ ਗਗਨਾਂ ਤਕ ਕਦੀ ਪਹੁੰਚਾ ਨਹੀਂ ਸਕਣਗੇ; ਮੈਂ ਆਪਣੀ ਮਾਤ ਬੋਲੀ ਵਿਚ ਲਿਖਾਂਗਾ।"

**ਰਘਬੀਰ ਸਿੰਘ 'ਬੀਰ' ਐਡੀਟਰ, 'ਆਤਮ ਸਾਇੰਸ' (ਕਲਕੱਤਾ)**: ਦੁਨੀਆਂ ਲਈ ਵੱਡਾ ਮਹਾਂ ਪੁਰਸ਼ ਓਹੋ ਹੁੰਦਾ ਹੈ ਜੋ ਆਪ ਮਹਾਂ ਪੁਰਸ਼ਾਂ ਦਾ ਜੀਵਨ ਬਿਤੀਤ ਕਰਦਾ ਹੋਇਆ, ਆਉਣ ਵਾਲੇ ਦੂਸਰੇ ਗੁਰ ਸਿਖਾਂ ਦੀ ਸਹਾਇਤਾ ਲਈ ਆਪਣਾ ਪੂਰਾ ਤਜਰਬਾ ਲਿਖਤ ਵਿਚ ਛੱਡ ਜਾਵੇ।

ਭਾਈ ਸਾਹਿਬ ਵੀਰ ਸਿੰਘ ਜੀ ਨੂੰ, ਸਿਖ ਦੁਨੀਆਂ ਅੰਦਰ, ਆਪਣੇ ਸਮੇਂ ਦਾ ਸਭ ਤੋਂ ਵੱਡਾ ਮਹਾਂ ਪੁਰਸ਼, ਮੈਂ ਇਸੇ ਵਾਸਤੇ ਸਮਝਦਾ ਹਾਂ ਕਿ ਉਨ੍ਹਾਂ ਨੇ ਆਪਣੀ ਆਤਮਕ ਪਾਤਸ਼ਾਹੀ ਨੂੰ ਕੇਵਲ ਆਪਣੇ ਜਾਂ ਆਪਣੇ ਨਿਕਟ ਵਰਤੀਆਂ ਲਈ ਹੀ ਮਹਦੂਦ ਨਹੀਂ ਰਖਿਆ, ਸਗੋਂ ਇਸ ਅਰਸ਼ੀ ਦੌਲਤ ਨੂੰ ਅਪਣੀ ਕਲਮ ਦੇ ਰਾਹੀਂ ਲਿਖ ਕੇ ਵਰਤਮਾਨ ਅਤੇ ਆਉਣ ਵਾਲੇ ਸਮੇਂ ਦੇ ਸਭ ਗੁਰਸਿੱਖਾਂ ਲਈ ਦਿਲ ਖੋਲ੍ਹ ਕੇ ਵੰਡਿਆ ਤੇ ਲੁਟਾਇਆ ਹੈ।

❑❑❑

# ਭਾਈ ਵੀਰ ਸਿੰਘ ਅਤੇ ਚੀਫ਼ ਖ਼ਾਲਸਾ ਦੀਵਾਨ

*ਸ: ਅਜੀਤ ਸਿੰਘ**

ਜੰਮੂ ਦੇ ਡੋਗਰਿਆਂ ਅਤੇ ਉਤਰ ਪਰਦੇਸ਼ ਦੇ ਬ੍ਰਾਹਮਣ ਦਰਬਾਰੀਆਂ ਦੀ ਗੱਦਾਰੀ ਕਾਰਨ ਖਾਲਸਾ ਰਾਜ ਨੂੰ ਖਤਮ ਕਰਕੇ ਅੰਗ੍ਰੇਜ਼ਾਂ ਨੇ ਆਪਣੇਂ ਕਬਜੇ ਵਿਚ ਲੈ ਲਿਆ। ਸਿੱਖ ਧਰਮ ਨੂੰ ਕਮਜ਼ੋਰ ਕਰਨ ਲਈ ਅੰਗ੍ਰੇਜ਼ਾਂ ਨੇ ਆਰੀਆ ਸਮਾਜੀਆਂ ਅਤੇ ਪਾਦਰੀਆਂ ਨੂੰ ਸਿੱਖ ਵਿਰੋਧੀ ਪਰਚਾਰ ਕਰਨ ਲਈ ਉਕਸਾਇਆ। ਖਾਲਸਾ ਰਾਜ ਦੇ ਕਮਜ਼ੋਰ ਤਬਕੇ ਨੂੰ ਮਾਇਆ ਅਤੇ ਪਦਵੀ ਦਾ ਲਾਲਚ ਦੇ ਕੇ ਈਸਾਈ ਮਤ ਕਬੂਲ ਕਰਨ ਲਈ ਵੀ ਪਰੇਰਿਆ। ਸਿੱਖ ਧਰਮ ਦੇ ਮੁੱਖ ਕੇਂਦਰ ਸ੍ਰੀ ਦਰਬਾਰ ਸਾਹਿਬ ਦੀ ਮਰਯਾਦਾ ਵਿਚ ਵੀ ਪੁਜਾਰੀਆਂ ਨੂੰ ਲਾਲਚ ਦੇ ਕੇ ਤਬਦੀਲੀਆਂ ਕਰਨ ਦੀ ਕੋਸ਼ਿਸ਼ ਕੀਤੀ। ਅਜਿਹੇ ਵਾਤਾਵਰਣ ਵਿਚ ਖਾਲਸਾ ਰਾਜ ਦੇ ਹਿਤੈਸ਼ੀ ਸਰਦਾਰਾਂ, ਬੁੱਧੀਜੀਵੀਆਂ ਅਤੇ ਸਿੱਖੀ ਨੂੰ ਪਿਆਰ ਕਰਨ ਵਾਲੇ ਚਿੰਤਕਾਂ ਦਾ ਇਕਮੁੱਠ ਹੋ ਕੇ ਹਾਲਾਤ ਦਾ ਟਾਕਰਾ ਕਰਨਾ ਕੁਦਰਤੀ ਸੀ। ਇਸ ਵਿਰੋਧ ਵਿਚੋਂ ਸਿੰਘ ਸਭਾ ਲਹਿਰ ਦਾ 1873 ਵਿਚ ਜਨਮ ਹੋਇਆ। ਇਸ ਸਿੰਘ ਸਭਾ ਨੇ ਆਪਣੇ ਉਦੇਸ਼ ਇਸ ਤਰ੍ਹਾਂ ਉਲੀਕੇ:-

- ਸਿੱਖ ਧਰਮ ਦੀ ਪੁਰਾਣੀ ਸੁੱਧਤਾ ਨੂੰ ਬਹਾਲ ਕਰਨਾ,
- ਇਤਿਹਾਸਕ ਅਤੇ ਧਾਰਮਿਕ ਪੁਸਤਕਾਂ ਦਾ ਸੰਪਾਦਨ ਤੇ ਪਰਕਾਸ਼ਨ ਕਰਨਾ,
- ਪੰਜਾਬੀ ਮਾਧਿਅਮ ਵਿਚ ਸਮਕਾਲੀ ਗਿਆਨ ਦਾ ਪਰਸਾਰ ਕਰਨਾ,
- ਪਤਿੱਤ ਹੋ ਚੁਕੇ ਸਿੱਖਾਂ ਦਾ ਸੁਧਾਰ ਕਰਕੇ ਉਹਨਾਂ ਨੂੰ ਫੇਰ ਸਿੱਖੀ ਦੇ ਘੇਰੇ ਵਿਚ ਲਿਆਉਣਾ,
- ਸਿੱਖਾਂ ਦੇ ਵਿਦਿਅਕ ਪ੍ਰੋਗਰਾਮ ਲਈ ਉੱਚ ਅੰਗ੍ਰੇਜ਼ ਅਧਿਕਾਰੀਆਂ ਵਿਚ ਦਿਲਚਸਪੀ ਪੈਦਾ ਕਰਨਾ ਅਤੇ ਉਹਨਾਂ ਦੇ ਸਹਿਯੋਗ ਨੂੰ ਯਕੀਨੀ ਬਣਾਉਣਾ।

ਇਸੇ ਸਿੰਘ ਸਭਾ ਦੇ ਮੈਂਬਰਾਂ ਨੇ ਤਤਕਾਲੀਨ ਪ੍ਰਸਥਿਤੀਆਂ ਦੇ ਸਨਮੁਖ ਖਾਲਸਾ ਪੰਥ ਦੀ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਕ, ਧਾਰਮਿਕ ਅਤੇ ਇਤਿਹਾਸਕ ਮਹਾਨਤਾ ਨੂੰ ਨਵਾਂ ਰੂਪ ਦੇਣ ਲਈ ਅਤੇ ਇਸ ਵਿਚੋਂ ਬ੍ਰਾਹਮਣਵਾਦ ਅਤੇ ਅੰਗ੍ਰੇਜ਼ੀ ਰਾਜ ਕਾਰਨ ਆਈਆਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਇਕ ਸੰਸਥਾ ਬਣਾਉਣ ਦਾ ਵਿਚਾਰ ਬਣਾਇਆ। ਇਹ ਨਵੀਂ ਸੰਸਥਾ 30 ਅਕਤੂਬਰ 1902 ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਰੂਪ ਵਿਚ ਸਾਹਮਣੇ ਆਈ। ਇਸ ਨੇ ਆਪਣੇ ਲਈ ਇਹ ਉਦੇਸ਼ ਮਿਥੇ:

ਖਾਲਸਾ ਪੰਥ ਦੀ ਸਭਿਆਚਾਰਕ, ਮਾਨਸਿਕ, ਸਦਾਚਾਰਕ, ਸਮਾਜਿਕ, ਵਿਦਿਅਕ ਤੇ ਆਰਥਕ ਬਿਹਤਰੀ ਲਈ ਕੰਮ ਕਰਨਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਈਆਂ ਸਿੱਖਿਆਵਾਂ ਦਾ ਪਰਚਾਰ ਕਰਨਾ।

ਵਿਸ਼ਵਾਸ਼ ਯੋਗ ਧਾਰਮਿਕ ਅਤੇ ਇਤਿਹਾਸਕ ਲਿਖਤਾਂ ਨੂੰ ਸੋਧ ਕੇ ਪਰਕਾਸ਼ਿਤ ਕਰਨਾ।

ਸਿੱਖਾਂ ਦੇ ਬਹੁ-ਪੱਖੀ ਰਾਜਨੀਤਕ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਖੁੱਸੇ ਅਧਿਕਾਰਾਂ ਨੂੰ ਮੁੜ ਪ੍ਰਾਪਤ ਕਰਨ ਲਈ ਸਰਕਾਰ ਦੇ ਪ੍ਰਤੀਨਿਧਾਂ ਨਾਲ ਲਾਹੇਵੰਦ ਸੰਪਰਕ ਪੈਦਾ ਕਰਨਾ।

ਗੁਰਮੁੱਖੀ ਲਿੱਪੀ ਵਿਚ ਪੰਜਾਬੀ ਭਾਸ਼ਾ ਨੂੰ ਉਤਸ਼ਾਹਤ ਕਰਨ ਲਈ ਪੰਜਾਬੀ ਵਿਚ ਅਖਬਾਰਾਂ ਤੇ ਰਸਾਲਿਆਂ ਦਾ ਪਰਕਾਸ਼ਨ ਕਰਨਾ।

ਸਿੱਖੀ ਤੋਂ ਦੂਰ ਗਏ ਵਿਅਕਤੀਆਂ ਨੂੰ ਮੁੜ ਗੁਰੂ ਵਾਲੇ ਬਣਾਉਣਾ।

ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਚੀਫ਼ ਖ਼ਾਲਸਾ ਦੀਵਾਨ ਦੇ ਪਰਮੁੱਖ ਵਿਅਕਤੀਆਂ ਨੇ ਆਪਸੀ ਸਲਾਹ-ਮਸ਼ਵਰੇ ਉਪਰੰਤ ਵੱਖ ਵੱਖ ਕਾਰਜਾਂ ਲਈ ਕਮੇਟੀਆਂ ਦਾ ਗਠਨ ਕਰਨ ਦਾ ਨਿਰਣਾ ਲਿਆ। ਹਰ ਕਮੇਟੀ ਦਾ ਕੰਮ ਨਿਸਚਿਤ ਹੋਣਾ ਸੀ ਅਤੇ ਉਸ ਨੂੰ ਅਗਵਾਈ ਦੇਣ ਵਾਲਾ ਵਿਅਕਤੀ ਆਪਣੇ ਕਾਰਜ ਵਿਚ ਸੁਤੰਤਰ ਹੋਣਾ ਸੀ। ਹਰ ਕਮੇਟੀ ਨੂੰ ਆਪਣਾ ਕੰਮ ਕਰਨ ਦੀ ਸੁਤੰਤਰਤਾ ਸੀ। ਕੇਵਲ ਇਕ ਪ੍ਰਤੀਬੰਧ ਸੀ ਕਿ ਕਿਸੇ ਨੇ ਉਦੇਸ਼ ਦੀ ਪਰਾਪਤੀ ਤੋਂ ਭਟਕਣਾ ਨਹੀਂ।

ਕਮੇਟੀਆਂ ਬਣਾਉਣ ਅਤੇ ਸਮੁੱਚੇ ਕਾਰਜ ਨੂੰ ਜਥੇਬੰਦ ਕਰਨ, ਅਗਵਾਈ ਦੇਣ ਅਤੇ ਸ਼ੁਰੂ ਕੀਤੇ ਗਏ ਕਾਰਜਾਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਵਲੋਂ ਜਿਨ੍ਹਾਂ ਸ਼ਖਸੀਅਤਾਂ ਦਾ ਪੈਨਲ ਬਣਾਇਆ ਗਿਆ ਉਹਨਾਂ ਵਿਚ ਭਾਈ ਵੀਰ ਸਿੰਘ ਦਾ ਨਾਮ ਸਭ ਤੋਂ ਉਪਰ ਸੀ। ਇਸ ਪੈਨਲ ਦੇ ਹੋਰ ਵਿਅਕਤੀ ਸ:ਸੁੰਦਰ ਸਿੰਘ ਮਜੀਠੀਆ, ਸ: ਤਰਲੋਚਨ ਸਿੰਘ ਬੈਰਿਸਟਰ, ਸ: ਸੁਜਾਨ ਸਿੰਘ ਸੋਢੀ, ਸ: ਹਰਬੰਸ ਸਿੰਘ ਅਟਾਰੀ, ਪ੍ਰਿੰਸੀਪਲ ਜੋਧ ਸਿੰਘ ਆਦਿ ਸਨ। ਚੀਫ਼ ਖ਼ਾਲਸਾ ਦੀਵਾਨ ਦੀ ਬਣਤਰ ਅਤੇ ਇਸ ਦੇ ਉਦੇਸ਼ਾਂ ਦੀ ਤਹਿ ਤਕ ਜਾਣ ਅਤੇ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਤੋਂ ਜਾਣੂ ਹੋਣ ਲਈ ਸਰਕਾਰ ਨੇ ਆਪਣੇ ਇਕ ਅਫਸਰ "ਡੀ. ਪੈਟਰੀ" (1) ਦੀ ਅਗਵਾਈ ਵਿਚ ਇਕ ਮਹਿਕਮੇ ਦਾ ਗਠਨ ਕੀਤਾ ਜੋ ਪੁਲੀਸ ਨਾਲ ਜੁੜਿਆ ਹੋਇਆ ਸੀ। ਇਸ ਅਫਸਰ ਦੇ ਵਿਚਾਰਾਂ ਨੂੰ "ਡੀ.ਪੈਟਰੀ ਦੀ ਰਿਪੋਰਟ" ਵਜੋਂ ਜਾਣਿਆ ਜਾਂਦਾ ਹੈ।

* ਅੰਡਰ ਸੈਕਟਰੀ, ਐਜੂਕੇਸ਼ਨਲ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ

ਮੋਟੇ ਤੌਰ ਤੇ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ: ਪੰਜਾਬੀ ਪਰਚਾਰ ਸਬ-ਕਮੇਟੀ, ਦੁਆਬਾ ਸਿੰਧ-ਸਾਗਰ ਸਬ-ਕਮੇਟੀ, ਮਾਝਾ ਪਰਚਾਰ ਸਬ-ਕਮੇਟੀ, ਧਾਰਮਿਕ ਸਬ-ਕਮੇਟੀ, ਇਤਿਹਾਸ ਖੋਜ ਸਬ-ਕਮੇਟੀ, ਖਾਲਸਾ ਅਨਾਥਲਯ ਸਬ-ਕਮੇਟੀ, ਗੁਰ-ਅਸਥਾਨ ਸੇਵਕ ਸਬ-ਕਮੇਟੀ, ਗੁਰਬਾਣੀ ਸੁਧ ਦੇਖਣ ਸਬ-ਕਮੇਟੀ, ਜੀਵਨ ਸੇਵਕ ਸਬ-ਕਮੇਟੀ, ਖਾਲਸਾ ਉਪਦੇਸ਼ਕ ਕਾਲਜ ਘਰਜਾਖ ਸ਼ਬ-ਕਮੇਟੀ, ਸਿਖ ਸੰਸਕਾਰ ਵਿਧੀ ਸਬ-ਕਮੇਟੀ, ਜਾਤ-ਪਾਤ ਨਿਵਾਰਨ ਸਬ-ਕਮੇਟੀ, ਜੁਰਾਇਮ ਪੇਸ਼ਾ ਸੁਧਾਰ ਕਬੀਲੇ ਸਬ-ਕਮੇਟੀ ਆਦਿ। ਸਬ-ਕਮੇਟੀਆਂ ਦੇ ਗਠਨ ਅਤੇ ਇਹਨਾਂ ਦੇ ਨਾਵਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਵੀਰ ਸਿੰਘ ਜੀ ਇਹਨਾਂ ਦਾ ਕੇਂਦਰੀ ਧੁਰਾ ਸਨ ਅਤੇ ਇਹਨਾਂ ਦੀ ਟੀਮ ਦੀ ਸੋਚ ਕਿੰਨੀ ਵਿਸ਼ਾਲ ਅਤੇ ਨਿੱਗਰ-ਸਿੱਟਿਆਂ  ਦੀ ਲਖਾਇਕ ਸੀ।

ਚੀਫ਼ ਖ਼ਾਲਸਾ ਦੀਵਾਨ ਦੇ ਉਦੇਸ਼ਾਂ ਵਿਚ ਪੰਜਾਬੀ ਪੱਤਰਕਾਰੀ ਨੂੰ ਉਤਸ਼ਾਹਿਤ ਕਰਨਾ ਵੀ ਸ਼ਾਮਲ ਸੀ। ਇਸ ਲਈ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀਆਂ- ਭਾਈ ਵੀਰ ਸਿੰਘ, ਸ: ਸੁੰਦਰ ਸਿੰਘ ਮਜੀਠੀਆ, ਸ: ਤਰਲੋਚਨ ਸਿੰਘ ਆਦਿ ਨੇ ਆਪਸੀ ਸਲਾਹ ਨਾਲ ਖਾਲਸਾ ਐਡਵੋਕੇਟ ਸਪਤਾਹਿਕ ਪੱਤਰ ਪਰਕਾਸ਼ਿਤ ਕਰਨਾ ਸ਼ੁਰੂ ਕੀਤਾ। ਇਸ ਦਾ ਉਦੇਸ਼ ਜਿਥੇ ਗੁਰਮੁਖੀ ਲਿੱਪੀ ਵਿਚ ਪੰਜਾਬੀ ਪੱਤਰਕਾਰੀ ਨੂੰ ਉਤਸ਼ਾਹਿਤ ਕਰਨਾ ਸੀ, ਉਥੇ ਸਿੱਖ ਸਮਾਜ ਦੀਆਂ ਸਮਸਿਆਵਾਂ ਤੇ ਵਿਚਾਰ ਕਰਕੇ ਉਹਨਾਂ ਦੇ ਹਲ ਵੀ ਪੇਸ਼ ਕਰਨੇ ਸਨ। ਇਸ ਨੇ ਗੁਰਦੁਆਰਾ ਰਕਾਬਗੰਜ ਦੀ ਕੰਧ ਦੇ ਝਗੜੇ, ਅਨੰਦ ਮੈਰਿਜ ਐਕਟ, ਕਿਰਪਾਨ ਤੇ ਲਗੀ ਪਾਬੰਦੀ ਨੂੰ ਹਟਾਉਣ, ਐਜੂਕੇਸ਼ਨਲ ਕਮੇਟੀ ਦੇ ਕਾਰਜ ਨੂੰ ਪਰਚਾਰਣ, ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਕੀਤੇ ਜਾਂਦੇ ਪਰਚਾਰ ਨੂੰ ਘਰ-ਘਰ ਪਹੁੰਚਾਉਣ, ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਨਾਲ ਪੇਂਡੂ ਅਤੇ ਸ਼ਹਿਰੀ ਲੋਕਾਂ ਨੂੰ ਮਿਲਣ ਵਾਲੇ ਲਾਭਾਂ ਨੂੰ ਲੋਕਾਂ ਸਾਹਮਣੇ ਰੱਖਣ, ਪੰਜਾਬ ਵਿਚ ਆਰੀਆ ਸਮਾਜੀਆਂ ਦੀ ਸ਼ਹਿ ਤੇ ਮਹੰਤਾਂ ਅਤੇ ਪੁਜਾਰੀਆਂ ਵਲੋਂ ਗੁਰਦਵਾਰਿਆਂ ਵਿਚ ਕੀਤੇ ਜਾਂਦੇ ਕੁਕਰਮਾਂ, ਗੁਰ ਮਰਯਾਦਾ ਵਿਰੁਧ ਉਹਨਾਂ ਦੀਆਂ ਕਾਰਵਾਈਆਂ, ਗੁਰਦਵਾਰਾ ਸੁਧਾਰ ਲਹਿਰ ਲਈ ਲੋਕਾਂ ਵਿਚ ਜਾਗ੍ਰਿਤੀ ਉਤਪੰਨ ਕਰਨ, ਦੂਜੇ ਸੰਸਾਰ ਯੁੱਧ ਸਮੇਂ ਸਿਖਾਂ ਨੂੰ ਫੌਜੀ ਭਰਤੀ ਲਈ ਪਰੇਰਿਤ ਕਰਨ, ਆਜ਼ਾਦੀ ਸਮੇਂ ਸਿੱਖਾਂ ਲਈ ਸਰਕਾਰ ਪਾਸੋਂ ਸਿੱਖਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਅਤੇ 1947 ਤੋਂ ਪਿਛੋਂ ਪੰਜਾਬੀ ਭਾਸ਼ਾ ਲਈ ਲਗੇ ਮੋਰਚਿਆਂ ਵਿਚ ਪੰਜਾਬੀ ਭਾਸ਼ਾ ਦੇ ਹੱਕ ਵਿਚ ਰਾਏ ਤਿਆਰ ਕਰਨ ਵਿਚ ਇਸ ਦਾ ਅਭੁਲ ਯੋਗਦਾਨ ਰਿਹਾ। ਪੰਜਾਬੀ ਪੱਤਰਕਾਰੀ ਵਿਚ ਵਿਵਧਤਾ ਲਿਆਉਣ ਲਈ ਸਿੰਘ ਸਭਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਉਦੇਸ਼ਾਂ ਦੇ ਪਰਚਾਰ ਲਈ ਭਾਈ ਵੀਰ ਸਿਘ ਨੇ ਖਾਲਸਾ ਸਮਾਚਾਰ ਸ਼ੁਰੂ ਕੀਤਾ। ਖਾਲਸਾ ਸਮਾਚਾਰ ਵਿਚ ਛਪਣ ਵਾਲੇ ਵਿਸ਼ੇ ਸਿੱਖ ਜਗਤ ਦੀਆਂ ਸਮਸਿਆਵਾਂ ਨਾਲ ਸੰਬੰਧਤ ਹੁੰਦੇ ਸਨ ਜਿਨ੍ਹਾਂ ਵਿਚ ਵਿਦਿਆ, ਸਿੱਖ ਸਭਿਆਚਾਰ, ਸਿੱਖ ਆਰਥਕਤਾ, ਸਿਖ ਸਿਆਸਤ ਅਤੇ ਸਮਾਜਿਕ ਸਮਸਿਆਵਾਂ ਹੁੰਦੀਆਂ ਸਨ।

ਭਾਈ ਵੀਰ ਸਿੰਘ ਜੀ ਦੇ ਸਮੇਂ ਤਕ ਖਾਲਸਾ ਸਮਾਚਾਰ ਅਤੇ ਨਿਰਗੁਣੀਆਰਾ ਵਜ਼ੀਰੇ ਹਿੰਦ ਪ੍ਰੈਸ ਵਿਚ ਛਪਦੇ ਸਨ ਜੋ ਉਹਨਾਂ ਨੇ  ਇਸੇ ਨਾਮ ਦੇ ਆਪਣੇ ਦੋਸਤ ਨਾਲ ਮਿਲ ਕੇ ਸ਼ੁਰੂ ਕੀਤੀ ਸੀ।

ਸਿੱਖਾਂ ਵਿਚੋਂ ਵਿਦਿਅਕ ਘਾਟ ਨੂੰ ਦੂਰ ਕਰਨ ਲਈ 1908 ਵਿਚ ਐਜੂਕੇਸ਼ਨਲ ਕਮੇਟੀ ਦਾ ਗਠਨ ਹੋਇਆ। ਇਸ ਕਮੇਟੀ ਦਾ ਕੰਮ ਵਿਦਿਅਕ ਕਾਨਫ਼ਰੰਸਾਂ ਕਰਕੇ ਸਿੱਖਾਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਜਾਗਰੂਕ ਕਰਨਾ, ਨਵੇਂ ਸਕੂਲ ਖੋਲ੍ਹਣ ਵਿਚ ਅਗਵਾਈ ਕਰਨਾ, ਖੁਲ੍ਹ ਚੁਕੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਪ੍ਰਬੰਧ ਵਿਚ ਅਗਵਾਈ ਦੇਣਾ ਅਤੇ ਸਰਕਾਰ ਨਾਲ ਮਿਲ ਕੇ ਸਕੂਲਾਂ ਨੂੰ ਮਾਲੀ ਸਹਾਇਤਾ ਲਈ ਮਨਾਉਣਾ ਅਤੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਈ ਵਾਤਾਵਰਣ ਤਿਆਰ ਕਰਨਾ ਆਦਿ ਸੀ। ਭਾਈ ਵੀਰ ਸਿੰਘ ਜੀ ਸਾਰੀਆਂ ਵਿਦਿਅਕ ਕਾਨਫ਼ਰੰਸਾਂ ਵਿਚ ਸ਼ਾਮਲ ਹੁੰਦੇ ਰਹੇ ਅਤੇ ਲੋੜ ਅਨੁਸਾਰ ਅਗਵਾਈ ਦੇਂਦੇ ਰਹੇ। ਇਹਨਾਂ ਦੀ ਸਲਾਹ ਨਾਲ ਇਕ ਸਹਾਇਕ ਟਰਸਟ 1918 ਵਿਚ ਬਣਿਆ। ਇਸ ਟਰਸਟ ਵਿਚ ਜਮ੍ਹਾਂ ਹੋਣ ਵਾਲੀ ਰਕਮ ਦਾ ਸੂਦ ਵਿਦਿਆ ਨੂੰ ਉਨੱਤ ਤੇ ਪਰਸਾਰ ਕਰਨ ਲਈ ਵਰਤਿਆ ਜਾ ਸਕਦਾ ਸੀ। ਅਸਲ ਰਕਮ ਨਹੀਂ ਸੀ ਵਰਤੀ ਜਾਂਦੀ। ਇਸ ਟਰਸਟ ਨੂੰ ਚਲਾਉਣ ਵਾਲੀ ਤਿੰਨ ਮੈਂਬਰੀ ਕਮੇਟੀ ਵੀ ਭਾਈ ਵੀਰ ਸਿੰਘ ਜੀ ਦੀ ਸਲਾਹ ਨਾਲ ਬਣਾਈ ਗਈ ਸੀ ਜਿਸ ਦੇ ਮੈਂਬਰ ਸਨ ਸ: ਬਘੇਲ ਸਿੰਘ ਰਈਸ ਕਲ੍ਹਾ, ਸ: ਦੀਵਾਨ ਸਿੰਘ ਸਿਵਲ ਸਰਜਨ ਅਤੇ ਸ: ਸੁੰਦਰ ਸਿੰਘ ਮਜੀਠੀਆ। ਡੀ.ਪੈਟਰੀ ਨੇ ਇਸ ਟਰਸਟ ਵਿਚ ਜਮ੍ਹਾ ਹੋਣ ਵਾਲੇ ਧਨ ਨੂੰ ਖਰਚ ਕਰਨ ਸੰਬੰਧੀ ਆਪਣੀ ਰਿਪੋਰਟ ਵਿਚ ਸਪੱਸ਼ਟ ਕਰਦਿਆਂ ਲਿਖਿਆ:-

"ਕੀ ਐਜੂਕੇਸ਼ਨਲ ਕਾਨਫ਼ਰੰਸ ਠੀਕ ਵਿਦਿਅਕ ਮਨੋਰਥਾਂ ਲਈ ਹੀ ਸ਼ੁਰੂ ਕੀਤੀ ਗਈ ਹੈ ਜਾਂ ਰਾਜਸੀ ਤਾਂਘ ਨੂੰ ਬੜਾਵਾ ਦੇਣ ਲਈ? ਤੇ ਕੀ ਇਕੱਠੇ ਕੀਤੇ ਅਤੇ ਦੀਵਾਨ ਦੇ ਹਵਾਲੇ ਕੀਤੇ ਗਏ ਫ਼ੰਡ ਸਿਰਫ ਵਿਦਿਆ ਤੇ ਹੀ ਖਰਚ ਕੀਤੇ ਜਾਣਗੇ ਜਾਂ ਉਹਨਾਂ ਕੌਮੀ ਮਨੋਰਥਾਂ ਲਈ ਜਿਨ੍ਹਾਂ ਨੂੰ ਦੀਵਾਨ ਦਿਲ ਵਿਚ ਵੱਡਾ ਬਣਾ ਕੇ ਰਖਦਾ ਹੈ।"

1908 ਵਿਚ ਬਣੀ ਐਜੂਕੇਸ਼ਨਲ ਕਮੇਟੀ ਪਹਿਲਾਂ ਵਿਦਿਅਕ ਕਾਨਫਰੰਸਾਂ ਕਰਕੇ ਵਿਦਿਆ ਪ੍ਰਤੀ ਲੋਕਾਂ ਨੂੰ ਜਾਗਰੂਪ ਕਰਨ ਅਤੇ ਸਿੱਖ ਸਕੂਲ ਖੁਲਾਉਣ ਤਕ ਸੀਮਤ ਸੀ। ਭਾਈ ਵੀਰ ਸਿੰਘ ਜੀ ਦੀ ਸੋਚ ਨੂੰ ਅੱਗੇ ਤੋਰਦਿਆਂ 1967 ਵਿਚ ਇਕ ਮਤੇ ਰਾਹੀਂ ਇਸ (ਚੀਫ਼ ਖ਼ਾਲਸਾ ਦੀਵਾਨ) ਨੇ ਆਪਣੇ ਸਕੂਲ ਖੋਲ੍ਹਣੇ ਸ਼ੁਰੂ ਕੀਤੇ ਹਨ। ਇਸ ਵਕਤ ਇਸ ਦੇ ਪ੍ਰਬੰਧ ਹੇਠ ਚੱਲਣ ਵਾਲੇ 45 ਸਕੂਲ ਹਨ। ਸੀ.ਕੇ.ਡੀ. ਯੂਨੀਵਰਸਿਟੀ ਖੋਲ੍ਹਣ ਦਾ ਮਤਾ ਪਾਸ ਕਰਕੇ ਚੀਫ਼ ਖ਼ਾਲਸਾ ਦੀਵਾਨ ਨੇ 2007 ਵਿਚ ਇਸ ਦਾ ਨੀਂਹ ਪੱਥਰ ਵੀ ਰਖਵਾ ਲਿਆ ਹੈ। 2012 ਤੋਂ ਇਸ ਨੇ ਕਾਲਜ ਖੇਤਰ ਵਿਚ ਪੈਰ

ਪਸਾਰੇ ਹਨ। ਸਮੇਂ ਨਾਲ ਭਾਈ ਵੀਰ ਸਿੰਘ ਜੀ ਦੇ ਸੁਪਨੇ ਨੂੰ ਬੂਰ ਪੈਣਾ ਅਰੰਭ ਹੋ ਗਿਆ ਹੈ।

ਪੰਜਾਬ ਐਂਡ ਸਿੰਘ ਬੈਂਕ ਚੀਫ਼ ਖ਼ਾਲਸਾ ਦੀਵਾਨ ਦੇ ਤ੍ਰੈ-ਸੰਗਮ - ਭਾਈ ਵੀਰ ਸਿੰਘ, ਸ: ਸੁੰਦਰ ਸਿੰਘ ਮਜੀਠੀਆ ਅਤੇ ਸ: ਤਰਲੋਚਨ ਸਿੰਘ ਦੀ 1907 ਵਿਚ ਹੋਈ ਸਾਧਾਰਨ ਮੀਟਿੰਗ ਪਿਛੋਂ 1908 ਵਿਚ ਸ਼ੁਰੂ ਹੋਇਆ। ਇਸ ਦਾ ਉਦੇਸ਼ ਸਿੱਖ ਕੌਮ ਦੇ ਆਰਥਕ ਜੀਵਨ ਪੱਧਰ ਨੂੰ ਉਚਿਆਣਾ ਸੀ। ਬੈਂਕ ਦੀ ਮੁਢਲੀ ਰੂਪ ਰੇਖਾ ਤਿਆਰ ਕਰਨ ਦਾ ਸਾਰਾ ਕਾਰਜ ਸ: ਤਰਲੋਚਨ ਸਿੰਘ ਨੇ ਕੀਤਾ ਕਿਉਂਕਿ ਆਰਥਕ ਖੇਤਰ ਵਿਚ ਉਸ ਸਮੇਂ ਸਾਰੇ ਦੇਸ਼ ਵਿਚ ਇਹਨਾਂ ਤੋਂ ਵਧ ਅਨੁਭਵੀ ਵਿਅਕਤੀ ਹੋਰ ਕੋਈ ਨਹੀਂ ਸੀ। ਸ: ਤਰਲੋਚਨ ਸਿੰਘ ਹੀ ਇਸ ਬੈਂਕ ਦੇ ਪਹਿਲੇ ਮੈਨੇਜਿੰਗ ਡਾਇਰੈਕਟਰ ਸਨ।

ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਲਗਾਤਾਰ ਪਰਚਾਰ ਸਦਕਾ ਸਿੱਖ ਆਪਣੇ ਸਮਾਜਿਕ ਕਾਰ-ਵਿਹਾਰ ਗੁਰਮਰਯਾਦਾ ਅਨੁਸਾਰ ਕਰਨ ਲਗ ਪਏ ਪਰ ਇਹਨਾਂ ਰਸਮਾਂ ਦੇ ਪਿਛੇਂ ਕੋਈ ਕਾਨੂੰਨੀ ਮਾਨਤਾ ਨਹੀਂ ਸੀ। ਸ:ਦਿਆਲ ਸਿੰਘ ਦੇ ਮੁਕਦਮੇਂ ਵਿਚ ਅਦਾਲਤ ਵਲੋਂ ਸਪਸ਼ਟ ਫੈਸਲਾ ਕੀਤਾ ਗਿਆ ਸੀ ਕਿ ਸਿੱਖ ਹਿੰਦੂ ਕਾਨੂੰਨਾਂ ਦੇ ਅਧੀਨ ਹਨ। ਸਿੱਖਾਂ ਵਿਚ ਜਿਹੜਾ ਵਿਆਹ ਬ੍ਰਾਹਮਣ ਰੀਤੀ ਨਾਲ ਨਹੀਂ ਸੀ ਹੁੰਦਾ ਉਹ ਨਾਜਾਇਜ਼ ਵਿਆਹ ਗਿਣਿਆ ਜਾਂਦਾ ਸੀ। ਚੀਫ਼ ਖ਼ਾਲਸਾ ਦੀਵਾਨ ਦੇ ਮੋਢੀਆਂ ਭਾਈ ਵੀਰ ਸਿੰਘ, ਸ: ਸੁੰਦਰ ਸਿੰਘ ਮਜੀਠੀਆ, ਸ: ਤਰਲੋਚਨ ਸਿੰਘ, ਸ: ਹਰਬੰਸ ਸਿੰਘ ਅਟਾਰੀ, ਭਾਈ ਕਾਨ੍ਹ ਸਿੰਘ ਨਾਭਾ ਆਦਿ ਨੇ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕੀਤੀ ਅਤੇ ਫੈਸਲਾ ਲਿਆ ਕਿ ਇਸ ਬਾਰੇ ਸਰਕਾਰੀ ਕਾਨੂੰਨ ਬਣਵਾਇਆ ਜਾਏ। ਨਾਭੇ ਦੇ ਟਿੱਕਾ ਰਿਪੁਦਮਨ ਸਿੰਘ ਜੋ 1908 ਵਿਚ ਗਵਰਨਰ ਦੀ ਕੌਂਸਲ ਦੇ ਮੈਂਬਰ ਸਨ, ਰਾਹੀਂ ਇਕ ਬਿਲ ਕੌਂਸਲ ਵਿਚ ਪੇਸ਼ ਕਰਵਾਇਆ। ਕੌਂਸਿਲ ਵਿਚ ਇਸ ਦਾ ਵਿਰੋਧ ਹੋਇਆ ਪਰ ਅਜੇ ਫੈਸਲਾ ਵਿਚਾਰ ਅਧੀਨ ਸੀ। ਵਿਰੋਧ ਕਰਨ ਵਾਲਿਆਂ ਵਿਚ ਹਿੰਦੂਆਂ ਦੇ ਨਾਲ ਨਾਲ ਹਰਿਮੰਦਰ ਸਾਹਿਬ ਦੇ ਗ੍ਰੰਥੀ ਵੀ ਸਨ ਜੋ ਸਨਾਤਨੀ ਵਿਚਾਰਧਾਰਾ ਨਾਲ ਓਤ-ਪ੍ਰੋਤ ਸਨ। 1909 ਵਿਚ ਸ:ਸੁੰਦਰ ਸਿੰਘ, ਟਿੱਕਾ ਰਿਪੁਦਮਨ ਸਿੰਘ ਦੀ ਥਾਂ ਕੌਂਸਲ ਦੇ ਮੈਂਬਰ ਬਣ ਗਏ। ਚੀਫ਼ ਖ਼ਾਲਸਾ ਦੀਵਾਨ ਨੇ ਸਿੰਘ ਸਭਾ ਨਾਲ ਮਿਲ ਕੇ ਤਿੰਨ ਮੁਹਾਜਾਂ ਤੇ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਕੀਤਾ। ਤਿੰਨਾਂ ਮੁਹਾਜ਼ਾਂ ਦੇ ਜਰਨੈਲ ਚੇਤੰਨ ਅਤੇ ਸਿਆਣੇ ਸਨ। ਪਹਿਲਾ ਮੁਹਾਜ ਸਰਕਾਰ ਨਾਲ ਸੀ। ਇਹ ਕਾਰਜ ਸ:ਸੁੰਦਰ ਸਿੰਘ ਮਜੀਠੀਆ ਨੇ ਆਪਣੇ ਜਿੰਮੇ ਲਿਆ। ਉਹਨਾਂ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਦਲੀਲਾਂ ਸਹਿਤ ਇਤਿਹਾਸਕ ਹਵਾਲੇ ਪੇਸ਼ ਕਰਕੇ ਆਪਣੇ ਹਕ ਵਿਚ ਕਰਨ ਅਤੇ ਗਵਰਨਰ ਨੂੰ ਵੀ ਬਿਲ ਦੇ ਹਕ ਵਿਚ ਪਰੇਰਿਤ ਕਰਨਾ ਸੀ। ਦੂਜਾ ਮੁਹਾਜ ਸੀ ਪਰਚਾਰ ਨਾਲ ਲੋਕਾਂ ਨੂੰ ਬਿਲ ਦੀ ਸਾਰਥਕਤਾ ਬਾਰੇ ਜਾਣਕਾਰੀ ਦੇਣਾ। ਇਹ ਕਾਰਜ ਭਾਈ ਵੀਰ ਸਿੰਘ ਜੀ, ਭਾਈ ਕਾਨ੍ਹ ਸਿੰਘ ਨਾਭਾ ਅਤੇ ਸ: ਹਰਬੰਸ ਸਿੰਘ ਅਟਾਰੀ ਨੇ ਆਪਣੇ ਹੱਥ ਲਿਆ। ਭਾਈ ਵੀਰ ਸਿੰਘ ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਹੋਰ ਲੋੜੀਂਦਾ ਮਸਾਲਾ ਇਕਠਾ ਕਰਕੇ ਖਾਲਸਾ ਸਮਾਚਾਰ, ਖਾਲਸਾ ਐਡਵੋਕੇਟ, ਪੈਂਫਲਟਾਂ ਅਤੇ ਹੈਂਡ ਬਿਲਾਂ ਨਾਲ ਇਹ ਕਾਰਜ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਨੇ "ਹਮ ਹਿੰਦੂ ਨਹੀ" ਪੁਸਤਕ ਛਾਪ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਇਸ ਕਾਰਜ ਵਿਚ ਸ:ਹਰਬੰਸ ਸਿੰਘ ਅਟਾਰੀ ਨੇ ਰਾਗੀਆਂ, ਢਾਡੀਆਂ, ਕਥਾਕਾਰਾਂ ਅਤੇ ਪਰਚਾਰਕਾਂ ਦੀ ਸਹਾਇਤਾ ਨਾਲ ਆਪਣਾ ਯੋਗਦਾਨ ਪਾਇਆ। ਤੀਜਾ ਮੁਹਾਜ ਜਥੇਬੰਦੀ ਨੂੰ ਮਜ਼ਬੂਤ ਕਰਨਾ ਅਤੇ ਅਨੰਦ ਮੈਰਿਜ ਐਕਟ ਬਿਲ ਦੇ ਹਕ ਵਿਚ ਲੋਕ ਰਾਏ ਬਣਾਉਣਾ ਸੀ। ਇਸ ਕਾਰਜ ਲਈ ਸ:ਤਰਲੋਚਨ ਸਿੰਘ ਨੂੰ ਚੁਣਿਆ ਗਿਆ। ਉਹਨਾਂ ਨੇ ਇਹ ਕਾਰਜ ਮੇਜਰਨਾਮੇ, ਚਿੱਠੀਆਂ ਅਤੇ ਗਵਰਨਰ ਜਨਰਲ ਨੂੰ ਤਾਰਾਂ ਭਿਜਵਾ ਕੇ ਪੂਰਾ ਕੀਤਾ। ਆਖਰ 22 ਅਕਤੂਬਰ, 1909 ਨੂੰ ਅਨੰਦ ਮੈਰਿਜ ਬਿਲ ਐਕਟ ਬਣ ਗਿਆ। ਇਸ ਦਿਨ ਤੋਂ ਸਿੱਖ ਮਰਯਾਦਾ ਅਨੁਸਾਰ ਹੋਏ ਵਿਆਹਾਂ ਨੂੰ ਕਾਨੂੰਨੀ ਤੌਰ ਤੇ ਪਰਵਾਨ ਕੀਤਾ ਜਾਣ ਲਗ ਪਿਆ।

ਸੁਤੰਤਰਤਾ ਉਪਰੰਤ 1950 ਵਿਚ ਲਾਗੂ ਹੋਏ ਦੇਸ਼ ਦੇ ਸੰਵਿਧਾਨ ਵਿਚ ਸਿੱਖਾਂ ਨੂੰ ਬੋਧੀਆਂ ਅਤੇ ਜੈਨੀਆਂ ਨਾਲ ਰਲਾ ਕੇ ਹਿੰਦੂ ਧਰਮ ਦਾ ਹਿਸਾ ਬਣਾ ਦਿਤਾ ਗਿਆ ਹੈ। 1954-55 ਵਿਚ ਹਿੰਦੂ ਕੋਡ ਬਿਲ ਪਾਸ ਹੋਇਆ। ਸਿੱਖਾਂ ਵਿਚ ਤਲਾਕ ਅਤੇ ਹੋਰ ਸਮਾਜਿਕ ਮੁਕਦਮੇ ਇਸੇ ਹਿੰਦੂ ਕੋਡ ਬਿਲ ਦੇ ਆਧਾਰ ਤੇ ਨਜਿਠੇ ਜਾਂਦੇ ਹਨ। ਸਿੱਖਾਂ ਵਲੋਂ ਬਾਰ ਬਾਰ ਸਰਕਾਰ ਪਾਸ ਬੇਨਤੀ ਕੀਤੀ ਗਈ ਹੈ ਕਿ ਸਿਖਾਂ ਨੂੰ ਹਿੰਦੂ ਕੋਡ ਬਿਲ ਦੇ ਘੇਰੇ ਵਿਚੋ ਬਾਹਰ ਕਢਿਆ ਜਾਵੇ ਪਰ ਅਜੇ ਤਕ ਕੋਈ ਸਾਰਥਕ ਸੁਣਵਾਈ ਨਹੀਂ ਹੋਈ। ਚੀਫ਼ ਖ਼ਾਲਸਾ ਦੀਵਾਨ ਵਲੋਂ ਇਸ ਸੰਬੰਧੀ ਯਤਨ ਜਾਰੀ ਹਨ।

ਸਿੱਖ ਸਭਿਆਚਾਰ ਵਿਚ ਕਿਰਪਾਨ ਪੰਜਾਂ ਕੱਕਾਰਾਂ ਵਿਚੋਂ ਇਕ ਹੈ। ਹਰ ਅੰਮ੍ਰਿਤਧਾਰੀ ਸਿੱਖ ਲਈ ਇਸ ਦਾ ਪਹਿਨਣਾ ਜ਼ਰੂਰੀ ਹੈ। ਅੰਗ੍ਰੇਜ਼ ਸਰਕਾਰ ਨੇ ਸਿੱਖਾਂ ਦੇ ਕਿਰਪਾਨ ਪਹਿਨਣ ਤੇ ਪਾਬੰਦੀ ਲਗਾ ਦਿਤੀ। ਭਾਈ ਵੀਰ ਸਿੰਘ ਜੀ ਦੀ ਅਗਵਾਈ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਸਰਕਾਰ ਨਾਲ ਇਸ ਵਿਸ਼ੇ ਤੇ ਲੜਾਈ ਲੜੀ। ਐਜੀਟੇਸ਼ਨ ਵੀ ਕੀਤੀ ਅਤੇ ਇਸ ਪਾਬੰਦੀ ਨੂੰ ਹਟਵਾਇਆ। ਇਹ 1914 ਦੀ ਘਟਨਾ ਹੈ।

ਚੀਫ਼ ਖ਼ਾਲਸਾ ਦੀਵਾਨ ਨੇ ਭਾਈ ਵੀਰ ਸਿੰਘ ਜੀ ਦੀ ਅਗਵਾਈ ਵਿਚ ਸਿੱਖ ਵਿਦਵਾਨਾਂ ਦੀ 1910 ਵਿਚ ਇਕ ਕਮੇਟੀ ਗਠਿੱਤ ਕੀਤੀ ਜਿਸ ਨੇ ਬੜੀ ਸੋਚ ਵਿਚਾਰ ਉਪਰੰਤ ਸਿੱਖ ਮਰਯਾਦਾ ਨੂੰ ਗੁਰ ਮਰਯਾਦਾ ਅਨੁਸਾਰ ਬਣਾਇਆ ਅਤੇ ਇਸ ਨੂੰ ਪੁਸਤਕ ਰੂਪ ਵਿਚ 1915 ਵਿਚ ਪਰਕਾਸ਼ਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਵੀ ਇਸੇ ਗੁਰ ਮਰਯਾਦਾ ਨੂੰ

ਪਰਵਾਨਗੀ ਦਿਤੀ ਹੋਈ ਹੈ।

ਭਾਈ ਵੀਰ ਸਿੰਘ ਜੀ ਦੀ ਸਲਾਹ ਨਾਲ ਸ: ਮਹਿਤਾਬ ਸਿੰਘ ਦੀ ਅਗਵਾਈ ਵਿਚ 1920 ਵਿਚ ਖਾਲਸਾ ਬਰਾਦਰੀ ਵਲੋਂ ਕੀਤੇ ਦੀਵਾਨ ਵਿਚ ਚੀਫ਼ ਖ਼ਾਲਸਾ ਦੀਵਾਨ ਸ਼ਾਮਲ ਹੋਇਆ। ਇਸੇ ਦੀਵਾਨ ਤੋਂ ਗੁਰਦੁਆਰਾ ਸੁਧਾਰ ਅੰਦੋਲਨ ਸ਼ੁਰੂ ਹੋਇਆ ਜੋ 1925 ਵਿਚ ਗੁਰਦਵਾਰਿਆਂ ਦੇ ਪ੍ਰਬੰਧ ਲਈ ਵਖਰੇ ਕਾਨੂੰਨ ਦੇ ਰੂਪ ਵਿਚ ਸਾਹਮਣੇ ਆਇਆ। ਇਸ ਅੰਦੋਲਨ ਲਈ ਚੀਫ਼ ਖ਼ਾਲਸਾ ਦੀਵਾਨ ਨੇ ਭਾਈ ਵੀਰ ਸਿੰਘ ਜੀ ਦੀ ਨਿਰਦੇਸ਼ਨਾ ਹੇਠ ਵਡਾ ਰੋਲ ਅਦਾ ਕੀਤਾ। ਖ਼ਾਲਸਾ ਕਾਲਜ ਦੇ ਪ੍ਰੋਫੈਸਰ ਅਤੇ ਵਿਦਿਆਰਥੀ ਵੀ ਇਸ ਵਿਚ ਸ਼ਾਮਲ ਹੋਏ। 1919 ਵਿਚ ਜਲ੍ਹਿਆਂਵਾਲਾ ਬਾਗ ਦੀ ਘਟਨਾਂ ਵਿਚ ਵੀ ਚੀਫ਼ ਖ਼ਾਲਸਾ ਦੀਵਾਨ ਨੇ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਬਚਿਆਂ ਨਾਲ ਮਿਲ ਕੇ ਸ਼ਹੀਦ/ਜ਼ਖ਼ਮੀ ਹੋਏ ਵਿਅਕਤੀਆਂ ਦੀ ਸਾਂਭ ਸੰਭਾਲ ਦਾ ਕਾਰਜ ਵੀ ਕੀਤਾ ਜਿਸ ਦੀ ਲੋਕਾਂ ਵਲੋਂ ਬੜੀ ਪਰਸੰਸਾ ਹੋਈ।

ਭਾਈ ਵੀਰ ਸਿੰਘ ਜੀ ਦੀ ਪੁਰਜ਼ੋਰ ਵਕਾਲਤ ਨਾਲ 1930 ਵਿਚ ਖਾਲਸਾ ਕਾਲਜ ਵਿਚ ਸਿੱਖ ਇਤਿਹਾਸ ਖੋਜ ਕੇਂਦਰ ਸਥਾਪਤ ਹੋਇਆ। ਸ: ਕਰਮ ਸਿੰਘ ਹਿਸਟੋਰੀਅਨ ਇਸ ਵਿਭਾਗ ਦੇ ਪਹਿਲੇ ਮੁਖੀ ਸਨ। ਪ੍ਰਸਿੱਧ ਸਿੱਖ ਇਤਿਹਾਸਕਾਰ ਡਾ: ਗੰਡਾ ਸਿੰਘ ਅਤੇ ਡਾ: ਕਿਰਪਾਲ ਸਿੰਘ ਨੇ ਇਸ ਵਿਭਾਗ ਨੂੰ ਸੰਗਠਿਤ ਕਰਨ ਵਿਚ ਬੜਾ ਯੋਗਦਾਨ ਪਾਇਆ ਹੈ। ਡਾ: ਕਿਰਪਾਲ ਸਿੰਘ ਜੀ ਨੇ ਭਾਈ ਵੀਰ ਸਿੰਘ ਵਲੋਂ ਦਿਤੀ ਮਾਇਕ ਸਹਾਇਤਾ ਅਤੇ ਅਗਵਾਈ ਦੀ ਗਲ ਪਰਵਾਨ ਕੀਤੀ ਹੈ। ਅਜ ਕਲ ਡਾ: ਇੰਦਰਜੀਤ ਸਿੰਘ ਗੋਗੋਆਣੀ ਇਸ ਵਿਭਾਗ ਦੀ ਦੇਖਭਾਲ ਕਰ ਰਹੇ ਹਨ। ਭਾਈ ਵੀਰ ਸਿੰਘ ਜੀ ਇਸ ਵਿਭਾਗ ਦੀ ਮਾਇਕ ਸਹਾਇਤਾ ਵੀ ਕਰਦੇ ਸਨ। ਭਾਈ ਵੀਰ ਸਿੰਘ ਦੀ ਸਲਾਹ ਨਾਲ ਚੀਫ਼ ਖ਼ਾਲਸਾ ਦੀਵਾਨ ਨੇ ਪੰਜਾਬ ਦੀ ਰਾਜਨੀਤੀ ਵਿਚ ਸਨਮਾਨਯੋਗ ਸਥਾਨ ਦੁਆਉਣ ਲਈ ਉਪਰਾਲੇ ਕੀਤੇ। ਪਹਿਲਾਂ ਇਹ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੰਮ ਕਰਦੀ ਰਹੀ। ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਗਵਰਮੈਂਟ ਆਫ਼ ਇੰਡੀਆ ਐਕਟ 1935 ਅਨੁਸਾਰ ਹੋ ਰਹੀਆਂ ਚੋਣਾਂ ਲਈ ਵਖਰੀ ਰਣਨੀਤੀ ਅਪਨਾਈ ਤਾਂ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਾਂ ਦੇ ਮਸਲਿਆਂ ਲਈ ਖਾਲਸਾ ਨੈਸ਼ਨਲ ਪਾਰਟੀ ਦੀ ਸਥਾਪਨਾ ਕੀਤੀ। ਇਸ ਵਿਚ ਸਿੱਖ ਨੈਸ਼ਨਲ ਪਾਰਟੀ (ਚੀਫ਼ ਖ਼ਾਲਸਾ ਦੀਵਾਨ) ਨੂੰ 20 ਸੀਟਾਂ ਪ੍ਰਾਪਤ ਹੋਈਆਂ। ਸ:ਸੁੰਦਰ ਸਿੰਘ ਪੰਜਾਬ ਦੀ ਸਰਕਾਰ ਵਿਚ ਮੰਤਰੀ ਬਣੇ।

ਉਪਰੋਕਤ ਵਰਣਨ ਨੂੰ ਵੇਖਦਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਚੀਫ਼ ਖ਼ਾਲਸਾ ਦੀਵਾਨ ਨੂੰ ਅਰੰਭ ਤੋਂ ਹੀ ਭਾਈ ਵੀਰ ਸਿੰਘ ਦੀ ਸੋਚ ਨੇ ਹਰ ਪੱਧਰ ਤੇ ਅਗਵਾਈ ਦਿੱਤੀ ਹੈ ਅਤੇ ਇਸ ਅਗਵਾਈ ਦਾ ਹੀ ਫੱਲ ਹੈ ਕਿ ਹਰ ਪਰਕਾਰ ਦੀਆਂ ਸਿਆਸੀ, ਸਮਾਜੀ, ਆਰਥਕ ਤੇ ਸਭਿਆਚਾਰਕ ਕਠਨਾਈਆਂ ਦੇ ਬਾਵਜੂਦ ਸਮਕਾਲੀ ਹੈਰਾਨ ਰਹਿ ਗਏ ਅਤੇ ਸਮੇਂ ਦੀ ਸਰਕਾਰ ਵੀ ਇਹ ਫੈਸਲਾ ਨਹੀਂ ਕਰ ਸਕੀ ਕਿ ਚੀਫ਼ ਖ਼ਾਲਸਾ ਦੀਵਾਨ ਕੀ ਉਸ ਦਾ ਵੈਰੀ ਹੈ ਜਾਂ ਮਿਤਰ। ਭਾਈ ਵੀਰ ਸਿੰਘ ਦੀ ਕਲਮ ਨੇ ਮਾਂ - ਮਹਿੱਟਰ ਪੰਜਾਬੀ ਨੂੰ ਦੇਸ਼ ਦੀਆਂ ਉਨੱਤ ਭਾਸ਼ਾਵਾਂ ਦੀ ਬਰਾਬਰੀ ਤੇ ਲੈ ਆਂਦਾ। ਇਹਨਾਂ ਦੀਆਂ ਬਹੁ-ਪੱਖੀ ਤੇ ਸਦੀਵ ਕਾਲ ਦੀਆਂ ਸਾਹਿਤਕ ਰਚਨਾਵਾਂ ਨੇ ਜਿਥੇ ਪੰਜਾਬੀ ਦਾ ਛੇਵਾਂ ਦਰਿਆ ਵਹਾਇਆ, ਉਥੇ ਸਾਹਿਤ ਸਿਰਜਣਾਂ ਦੇ ਮਹਤਵ ਕਾਰਨ ਉਹ ਸ਼੍ਰੋਮਣੀ ਲੇਖਕ ਅਤੇ ਚਿੰਤਕ ਵੀ ਹੋ ਨਿਬੜੇ।

ਭਾਈ ਵੀਰ ਸਿੰਘ ਜੀ ਦੀ ਚਲਾਈ ਲਹਿਰ ਹਮੇਸ਼ਾ ਚਲਦੀ ਰਹੇ- ਇਸ ਦੀ ਕਾਮਨਾ ਧਨੀ ਰਾਮ ਚਾਤ੍ਰਿਕ ਨੇ ਇਕ ਕਵਿਤਾ ਰਾਹੀਂ ਇਸ ਤਰ੍ਹਾਂ ਕੀਤੀ ਹੈ---

"ਭਾਈ ਵੀਰ ਸਿੰਘ! ਥਾਰੇ ਪੰਚਬਟੀ' ਦ੍ਵਾਰੇ ਅੱਗੇ,
ਦਰਸ਼ਨ ਅਭਿਲਾਖੀਆਂ ਦੀ ਭੀੜ ਲਗਦੀ ਰਹੇ।
ਜੁਗੋ-ਜੁਗ ਜੀਉ, ਥੀਉ ਅਟੱਲ ਪ੍ਰਤਾਪਵਾਨ
ਗੁਰੂ ਪੰਥ ਸੇਵਾ ਜੋਤ ਵਾਂਗ ਜਗਦੀ ਰਹੇ।
ਪੰਥ ਦੋਖੀਆਂ ਦਾ ਤ੍ਰਾਂਣ ਤੋੜਨੇ ਨੂੰ ਬੀੜੀ ਹੋਈ,
'ਸਮਾਚਾਰ' ਤੋਪ ਦਨਾ-ਦਨ ਦਗਦੀ ਰਹੇ
ਧਰਮ ਪਰਚਾਰ ਹੇਤ, ਕਲਮ ਚਲਾਈ ਹੋਈ,
ਪੰਚ ਨਦ ਵਾਂਗ ਪ੍ਰਲੈ ਤੀਕ ਵਗਦੀ ਰਹੇ।"

## ਨਾ ਹੋਇ ਉਹਲੇ

ਲੱਗੇ ਪਯਾਰ ਤਾਂ ਪਯਾਰੜਾ ਪਾਸ ਵੱਸੇ,
ਕਦੇ ਅਖੀਆਂ ਤੋਂ ਨਾ ਹੋਇ ਉਹਲੇ,
ਕਦੇ ਅੱਖੀਆਂ ਤੋਂ ਜੇ ਹੋਇ ਉਹਲੇ
ਸੂਰਤ ਓਸਦੀ ਦਿਲੋਂ ਨਾ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਜੇ ਹੋਇ ਉਹਲੇ
ਨਾਮ ਜੀਭ ਤੋਂ ਕਦੇ ਨਾ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਨਾ ਹੋਇ ਉਹਲੇ
ਸੂਰਤ ਦੇਹ ਤੋਂ ਸ਼ਾਲ! ਤਦ ਹੋਇ ਉਹਲੇ।

# ਭਾਈ ਵੀਰ ਸਿੰਘ ਅਤੇ ਖ਼ਾਲਸਾ ਟ੍ਰੈਕਟ ਸੁਸਾਇਟੀ

*ਡਾ. ਹਰਚੰਦ ਸਿੰਘ ਬੇਦੀ**

ਮਹਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦਾ ਭਾਰਤ ਦੇ ਰਾਜਨੀਤਿਕ ਮਹਾਂਦ੍ਰਿਸ਼ ਤੋਂ ਚਲੇ ਜਾਣ ਨਾਲ, ਪੰਜਾਬ ਚੁਤਰਫ਼ੋਂ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ ਪਤਨ ਦਾ ਭਾਗੀ ਬਣਿਆ। ਸਿੱਖਾਂ ਦੇ ਮਨਾਂ ਵਿਚ ਅੱਜ ਤਕ ਇਹ ਮਸਲਾ ਅੱਡੀ ਦਾ ਜ਼ਖ਼ਮ ਬਣਿਆ ਹੋਇਆ ਹੈ। 1849 ਈ: ਵਿਚ ਪੰਜਾਬ ਵਿਚ ਅੰਗਰੇਜ਼ਾਂ ਦਾ ਰਾਜ ਸਥਾਪਿਤ ਹੋਣ ਨਾਲ ਈਸਾਈ ਸ਼ਾਸਕਾਂ, ਈਸਾਈ ਪ੍ਰਚਾਰਕਾਂ ਅਤੇ ਈਸਾਈ ਪਾਦਰੀਆਂ ਲਈ ਪੰਜਾਬ ਅਜਿਹੀ ਜ਼ਰਖ਼ੇਜ਼ ਜ਼ਮੀਨ ਬਣ ਗਿਆ ਜਿੱਥੇ ਉਹ ਸਰਕਾਰੀ ਸਰਪ੍ਰਸਤੀ ਨਾਲ ਨਿਰਭੈ ਹੋ ਕੇ ਆਪਣੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲੱਗੇ। ਈਸਾਈਆਂ ਦੇ ਪ੍ਰਚਾਰ ਤੇ ਪ੍ਰਸਾਰ ਦੇ ਉਦੇਸ਼ ਦੀ ਪੂਰਤੀ ਲਈ ਉਦੋਂ ਕਈ ਸੰਸਥਾਵਾਂ ਹੋਂਦ ਵਿਚ ਆਈਆਂ ਪਰ 'ਅਮੈਕੀਰਨ ਟ੍ਰੈਕਟ ਸੋਸਾਇਟੀ' ਲੁਧਿਆਣਾ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਰਹੀ ਹੈ। ਈਸਾਈ ਪਾਦਰੀਆਂ ਦੇ ਪ੍ਰਚਾਰ ਦੇ ਪ੍ਰਭਾਵ ਸਦਕਾ ਕਈ ਘਟਨਾਵਾਂ ਵਾਪਰੀਆਂ।

ਸੰਨ 1853 ਵਿਚ ਮਹਾਰਾਜਾ ਦਲੀਪ ਸਿੰਘ ਦਾ ਈਸਾਈ ਬਣ ਜਾਣਾ, ਈਸਾਈ ਪਾਦਰੀਆਂ ਲਈ ਇਕ ਬੜੀ ਵੱਡੀ ਪ੍ਰਾਪਤੀ ਸੀ। ਇਸ ਮਗਰੋਂ ਰਾਜਾ ਹਰਨਾਮ ਸਿੰਘ, ਮਿਸਟਰ ਦਾਊਦ ਸਿੰਘ, ਕੇਸਰ ਸਿੰਘ, ਸੁੰਦਰ ਸਿੰਘ, ਆਦਿ ਅਨੇਕ ਮਸ਼ਹੂਰ ਸਿੱਖ ਈਸਾਈ ਬਣ ਗਏ।[1] ਪੰਜਾਬ ਵਿਚ ਈਸਾਈ ਮੱਤ ਦੇ ਪ੍ਰਚਾਰ ਲਈ ਕਈ ਈਸਾਈ ਸੰਪ੍ਰਦਾਵਾਂ ਵਿਚਕਾਰ ਵਧੇਰੇ ਤੋਂ ਵਧੇਰੇ ਈਸਾਈ ਬਣਾਉਣ ਲਈ ਇਕ ਪ੍ਰਕਾਰ ਦੀ ਦੌੜ ਹੀ ਲੱਗ ਪਈ। ਸੰਨ 1881 ਵਿਚ ਪੰਜਾਬ ਵਿਚ ਈਸਾਈਆਂ ਦੀ ਗਿਣਤੀ 3,796 ਸੀ, ਜਿਹੜੀ ਵੱਧ ਕੇ 1891 ਵਿਚ 19,547, ਸੰਨ 1901 ਵਿਚ 37,980, ਸੰਨ 1911 ਵਿਚ 163,994, ਸੰਨ 1921 ਵਿਚ 3,15,931 ਅਤੇ ਸੰਨ 1931 ਵਿਚ 4,14,788[2] ਹੋ ਗਈ। ਇਵੇਂ ਪੰਜਾਹ ਸਾਲਾਂ ਦੇ ਸਮੇਂ ਵਿਚ ਈਸਾਈਆਂ ਦੀ ਗਿਣਤੀ 109 ਗੁਣਾਂ ਨਾਲੋਂ ਵੀ ਵੱਧ ਹੋ ਗਈ, ਜਦੋਂ ਕਿ ਸਿੱਖਾਂ ਦੀ ਗਿਣਤੀ ਮਹਾਰਾਜ ਰਣਜੀਤ ਸਿੰਘ ਦੇ ਸਮੇਂ ਦੀ ਇਕ ਕਰੋੜ ਤੋਂ ਘੱਟ ਕੇ 1881 ਵਿਚ ਕੇਵਲ 17 ਲੱਖ ਰਹਿ ਗਈ।[3] ਭਵਿਸ਼ਬਾਣੀਆਂ ਕੀਤੀਆਂ ਜਾ ਰਹੀਆਂ ਸਨ ਕਿ ਅਗਲੇ ਪੰਞੀ ਵਰ੍ਹਿਆਂ ਵਿਚ ਮਾਝੇ ਦੇ ਇਕ ਤਿਹਾਈ ਲੋਕ ਈਸਾਈ ਬਣ ਜਾਣਗੇ ਅਤੇ ਮਾਲਵਾ, ਮਾਝੇ ਦੇ ਕਦਮਾਂ ਤੇ ਚਲੇਗਾ। ਜਿਵੇਂ ਬੁੱਧ ਧਰਮ ਭਾਰਤ ਵਿਚ ਕੁਝ ਮੰਦਰਾਂ ਦੀਆਂ ਮੂਰਤਾਂ ਤੀਕ ਹੀ ਸੀਮਤ ਰਹਿ ਗਿਆ ਸੀ, ਇਵੇਂ ਹੀ ਇਨ੍ਹਾਂ ਸਿੱਖਾਂ ਦੇ ਧੀਆਂ ਪੁੱਤਰ ਅਜਾਇਬ ਘਰਾਂ ਵਿੱਚ ਵੇਖੇ ਜਾਣਗੇ ਤੇ ਇਕ ਦੂਜੇ ਨੂੰ ਸਿੱਖ ਦੀ ਤਸਵੀਰ ਵਿਖਾਇਆ ਕਰਨਗੇ।[4] ਉਧਰ ਸਿੱਖ ਬੁੱਤ ਪੂਜ ਹੁੰਦੇ ਜਾ ਰਹੇ ਸਨ।[5]

ਸ੍ਰੀ ਗੁਰੂ ਸਿੰਘ ਸਭਾ, ਈਸਾਈਆਂ ਦੇ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ, ਆਪਣੀ ਪੱਧਰ 'ਤੇ ਵਿਉਂਤਬੰਦੀ ਕਰਦੇ ਹੋਏ, ਸਿੱਖੀ ਦੇ ਪ੍ਰਚਾਰ ਲਈ ਟ੍ਰੈਕਟ ਛਾਪਣੇ ਸ਼ੁਰੂ ਕੀਤੇ। ਇਨ੍ਹਾਂ ਟ੍ਰੈਕਟਾਂ ਦੀ ਵਿਸ਼ੇਸ਼ਤਾ ਤੇ ਲੋੜ ਨੂੰ ਮੁੱਖ ਰਖਦਿਆਂ ਕੁਝ ਸਿੱਖ ਸਿਰ ਜੋੜ ਕੇ ਬੈਠੇ ਤੇ ਉਨ੍ਹਾਂ ਨੇ ਅਜਿਹੇ ਟ੍ਰੈਕਟ ਲਗਾਤਾਰ ਛਾਪੇ ਜਾਣ ਦਾ ਫ਼ੈਸਲਾ ਲਿਆ। ਇਨ੍ਹਾਂ ਟ੍ਰੈਕਟਾਂ ਦਾ ਮਾਡਲ ਅਸਲ ਵਿਚ 'ਅਮੈਰਿਕਨ ਟ੍ਰੈਕਟ ਸੋਸਾਇਟੀ' ਦੀ ਤਰਜ 'ਤੇ ਹੀ ਤਿਆਰ ਕੀਤਾ ਗਿਆ ਸੀ। ਏਸੇ ਪ੍ਰਭਾਵ ਤੇ ਲੋੜ ਵਿਚੋਂ, 1894 ਈ: ਵਿਚ ਸਿੰਘ ਸਭਾ ਦੇ ਪ੍ਰਭਾਵ ਸਦਕਾ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਿਰਜਣਾ ਕੀਤੀ ਗਈ ਤੇ ਇਸਦੇ ਮੋਢੀਆਂ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ, ਡਾ. ਚਰਨ ਸਿੰਘ, ਅਕਾਲੀ ਕੌਰ ਸਿੰਘ ਤੇ ਸਰਦਾਰ ਮਹਿੰਦਰ ਸਿੰਘ ਆਦਿ ਸਨ। ਇਨ੍ਹਾਂ ਵਿਦਵਾਨਾਂ ਨੇ ਟ੍ਰੈਕਟ ਤਾਂ ਛਾਪੇ ਹੀ ਪਰ ਨਾਲ ਸਿੱਖ ਇਤਿਹਾਸ ਗੁਰਬਾਣੀ, ਸਿੱਖ ਧਰਮ ਦੇ ਉਦੇਸ਼ਾਂ ਆਦਰਸ਼ਾਂ ਤੇ ਗੁਰਮਤਿ ਦੀ ਪੈੜ ਵਿਚ ਛਪਣ ਵਾਲਾ ਸਾਰਾ ਮੈਟਰ ਪ੍ਰਮਾਣਿਕ ਤੇ ਪ੍ਰਭਾਵਿਤ ਬਨਾਉਣ ਲਈ, ਟ੍ਰੈਕਟ ਛਾਪਣ ਤੋਂ ਪਹਿਲਾਂ, ਇਕ 'ਖਰੜ੍ਹਾ ਸਬ ਕਮੇਟੀ' ਬਣਾਈ ਗਈ, ਜੋ ਸਮੇਂ ਸਮੇਂ ਪ੍ਰਸਿੱਧ ਵਿਦਵਾਨਾਂ ਪਾਸੋਂ ਰਾਏ ਅਤੇ ਟਿੱਪਣੀਆਂ ਵੀ ਪ੍ਰਾਪਤ ਕਰਦੀ ਸੀ। ਇਹ ਇਕ ਤਰ੍ਹਾਂ ਨਾਲ ਉਨ੍ਹਾਂ ਸਮਿਆਂ ਵਿਚ ਪੰਜਾਬੀ ਦਾ ਪਹਿਲਾਂ Regred Journal ਦਾ ਹੀ ਰੂਪ ਸੀ। ਸ਼ੁਰੂ ਵਿਚ ਭਾਈ ਵੀਰ ਸਿੰਘ ਦੇ ਮੁੱਢਲੇ ਨਾਵਲ ਤੇ ਹੋਰ ਰਚਨਾਵਾਂ ਵੀ ਟ੍ਰੈਕਟਾਂ ਰਾਹੀਂ ਹੀ ਪਾਠਕਾਂ ਤਕ ਪਹੁੰਚੀਆਂ ਸਨ। ਮੁੱਢਲੇ ਲੇਖਕਾਂ ਵਚ ਡਾ. ਚਰਨ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਹਜ਼ਾਰਾ ਸਿੰਘ, ਭਾਈ ਵੀਰ ਸਿੰਘ, ਭਾਈ ਸਰਦੂਲ ਸਿੰਘ ਆਦਿ ਹੀ ਸਨ, ਜਿਨ੍ਹਾਂ ਗੁਰਮਤਿ, ਗੁਰਬਾਣੀ, ਸਿੱਖ ਇਤਿਹਾਸ ਸੰਬੰਧੀ ਮਹੱਤਵਪੂਰਨ ਸਮੱਗਰੀ ਪੈਦਾ ਕਰਕੇ ਟ੍ਰੈਕਟਾਂ ਰਾਹੀਂ ਪ੍ਰਚਾਰ ਦੀ ਮਹੱਤਤਾ ਨੂੰ ਉਜਾਗਰ ਕੀਤਾ।

ਸਿੱਖੀ ਦੇ ਪ੍ਰਚਾਰ ਦੀ ਦ੍ਰਿਸ਼ਟੀ ਤੋਂ ਸੰਨ 1894 ਵਿਚ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਨਾਲ ਪੰਜਾਬੀ ਪੱਤਰਕਾਰੀ ਨੇ ਇਕ ਹੋਰ ਪੁਲਾਂਘ ਪੱਟੀ। ਇਸ ਸੁਸਾਇਟੀ ਨੇ ਇਕ ਪੰਦਰ੍ਹਾ-ਰੋਜ਼ਾ ਪੱਤਰ 'ਨਿਰਗੁਣੀਆਰਾ' ਨਾਂ ਥੱਲੇ ਛਾਪਣਾ ਆਰੰਭ ਕੀਤਾ। 'ਨਿਰਗੁਣੀਆਰਾ' ਦੀ ਖੋਜ-ਭਰਪੂਰ ਵਿਵੇਚਨਾ ਤੋਂ ਇਹ ਸਪਸ਼ਟ

* ਪ੍ਰੋਫ਼ੈਸਰ ਅਮੈਰੀਟਸ (ਯੂਨੀਵਰਸਿਟੀ ਗਰਾਂਟਸ ਕਮਿਸ਼ਨ) ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਸੈਂਟਰ ਫਾਰ ਇਮੀਗਰੈਂਟ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।'

ਹੋ ਜਾਂਦਾ ਹੈ ਕਿ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਪੰਜਾਬੀ ਬੋਲੀ, ਪੰਜਾਬੀ ਸਾਹਿਤ, ਪੰਜਾਬੀ ਜਨਤਾ, ਸਿੱਖ ਭਾਈਚਾਰਾ, ਸਿੱਖ ਧਰਮ ਤੇ ਸਮਾਜ ਆਦਿ ਲਈ ਕੀਤੀ ਸੇਵਾ, ਉਸ ਸਮੇਂ ਦੀ ਲੋੜ ਅਨੁਸਾਰ ਅਦੁੱਤੀ ਸੀ।[6] ਵਿਚਾਰਾਂ ਦੀ ਘਾਟ, ਮਹਾਂ-ਪੁਰਖਾਂ ਦੀ ਥੁੜ੍ਹ, ਧਾਰਮਿਕ ਪਤਨ, ਸਦਾਚਾਰਕ ਗਿਰਾਵਟ ਤੇ ਕੌਮ ਦੀ ਅਣਉਨਤੀ ਦੇ ਸਮੇਂ 'ਨਿਰਗੁਣੀਆਰੇ' ਦੇ ਗਿਆਨ-ਵਿਹੂਣੀ ਜਨਤਾ ਲਈ ਇਕ ਪ੍ਰਕਾਸ਼-ਸਤੰਭ ਦਾ ਕੰਮ ਕੀਤਾ।[7] ਇਸ ਟ੍ਰੈਕਟ ਸੁਸਾਇਟੀ ਨੇ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਪਾਠਕ ਪੈਦਾ ਕੀਤੇ। ਇਹ ਸੁਸਾਇਟੀ ਅੱਜ 121 ਸਾਲ ਨਾਲੋਂ ਵੀ ਵੱਧ ਉਮਰ ਭੋਗ ਚੁੱਕੀ ਹੈ। ਇਹ ਟ੍ਰੈਕਟ ਪਹਿਲਾਂ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਛਪਦੇ ਰਹੇ ਹਨ। ਭਾਈ ਵੀਰ ਸਿੰਘ ਆਪਣੇ ਮਿਸ਼ਨ ਦੀ ਵਿਆਖਿਆ ਕਈ ਢੰਗਾਂ ਨਾਲ ਕੀਤੀ ਤੇ ਇਨ੍ਹਾਂ ਟ੍ਰੈਕਟਾਂ ਨੂੰ ਕੇਵਲ ਆਪਣੀ ਸਿਰਜਨਾਤਮਕਤਾ ਦਾ ਵਾਹਣ ਹੀ ਨਹੀਂ ਬਣਾਇਆ ਸਗੋਂ ਪੱਤਰਕਾਰੀ ਲਈ ਵੀ ਨਵੇਂ ਆਯਾਮ ਨਿਸ਼ਚਿਤ ਕਰ ਦਿੱਤੇ।

'ਨਿਰਗੁਣੀਆਰੇ' ਦੀ ਪ੍ਰਕਾਸ਼ਨਾ ਨਾਲ ਪੰਜਾਬ ਸਾਹਿਤਕਾਰੀ, ਪੱਤਰਕਾਰੀ ਤੇ ਇਤਿਹਾਸਕਾਰੀ ਵਿਚ ਨਵੇਂ ਬਾਬ ਦਾ ਆਰੰਭ ਹੁੰਦਾ ਹੈ। 'ਖ਼ਾਲਸਾ ਟ੍ਰੈਕਟਾਂ ਨੇ ਲੇਖਕਾਂ ਨੇ ਪੰਜਾਬੀ ਵਾਰਤਕ ਨੂੰ ਬ੍ਰਜੀ, ਸੰਸਕ੍ਰਿਤ ਆਦਿ ਬੋਲੀਆਂ ਦੇ ਪੰਡਤਾਊ ਪ੍ਰਭਾਵ ਹੇਠੋਂ ਕੱਢ ਕੇ ਇਸ ਨੂੰ ਸੰਜੋਗਾਤਮਕ ਦੀ ਥਾਂ ਵਿਜੋਗਾਤਮਕ ਬਣਾਇਆ ਤੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ। ਸੰਜਮ, ਸਪਸ਼ਟਤਾ ਤੇ ਸੁਭਾਵਕਤਾ ਲਿਆ ਕੇ ਪੰਜਾਬੀ ਬੋਲੀ ਦੀ ਵਿਵੇਚਨ ਅਤੇ ਅਭਿਵਿਅੰਜਨ ਸ਼ਕਤੀ ਨੂੰ ਬਲਵਾਨ ਬਣਾਇਆ ਹੈ ਅਤੇ ਸੂਖਮ ਤੋਂ ਸੂਖਮ ਅਨੁਭੂਤੀਆਂ ਨੂੰ ਅਭਿਵਿਅਕਤ ਕਰਨ ਦੀ ਸਮਰੱਥਾ ਪ੍ਰਦਾਨ ਕੀਤੀ ਹੈ। ਇਸ ਪੱਤਰ ਦੇ ਸੰਪਾਦਕਾਂ ਨੇ ਪੰਜਾਬੀ ਵਾਰਤਕ ਨੂੰ ਨਿਰੋਲ ਭਾਵੁਕਤਾ ਤੇ ਕਲਪਨਾ ਦੀ ਤੰਗ ਬੁੱਕਲ ਵਿਚੋਂ ਕੱਢ ਕੇ ਦਰਸ਼ਨ ਤੇ ਬੁੱਧੀ ਦੇ ਗੰਭੀਰ ਮੰਡਲ ਵਿਚ ਪਹੁੰਚਾਇਆ ਅਤੇ ਸ਼ਰਧਾ ਦੀ ਥਾਂ ਨਿਆਇ, ਵਿਵੇਕ ਅਤੇ ਉਕਤੀ ਯੁਕਤੀ ਨੂੰ ਲਿਆਂਦਾ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਾਰਤਕ ਇਸ ਸੁਸਾਇਟੀ ਦੁਆਰਾ ਪ੍ਰਕਾਸ਼ਿਤ ਟ੍ਰੈਕਟਾਂ ਰਾਹੀਂ ਕਰਮਬਧ ਉਨਤੀ ਕਰਦੀ ਅੱਜ ਦੀ ਵਿਗਿਆਨਕ ਤੇ ਸ਼ੁੱਧ ਸਾਹਿਤਕ ਅਵਸਥਾ ਤੱਕ ਪਹੁੰਚੀ ਹੈ।[8] ਗੁਰਬਾਣੀ ਪ੍ਰਚਾਰ, ਗੁਰਮਤਿ ਵਿਸਥਾਰ, ਆਤਮ ਉਧਾਰ, ਮਨਮਤ ਪ੍ਰਹਾਰ ਤੇ ਭਾਈਚਾਰਕ ਸੁਧਾਰ ਸੰਬੰਧੀ ਇਸ ਟ੍ਰੈਕਟ ਸੁਸਾਇਟੀ ਨੇ ਬੜੇ ਸਫ਼ਲ ਯਤਨ ਕੀਤੇ ਹਨ।[9] ਇਸ ਸੁਸਾਇਟੀ ਨੂੰ, ਨਿਰਗੁਣਿਆਰਾ, ਛਾਪਣ ਦੀ ਪ੍ਰੇਰਨਾ ਲੁਧਿਆਣੇ ਮਿਸ਼ਨ ਦੀਆਂ ਅਜਿਹੀਆਂ ਸਰਗਰਮੀਆਂ ਤੋਂ ਹੀ ਮਿਲੀ ਜਾਪਦੀ ਹੈ। ਲੁਧਿਆਣੇ ਦੇ ਈਸਾਈ ਮਿਸ਼ਨ ਨਾਲ ਸੰਬੰਧਿਤ 'ਪੰਜਾਬ ਬਾਈਬਲ ਐਂਡ ਟ੍ਰੈਕਟ ਸੁਸਾਇਟੀ' ਨਾਂ ਦੀ ਇਕ ਸੰਸਥਾ ਨੇ 1872 ਵਿਚ 'ਨੂਰ ਅਫਸ਼ਾਹ' ਨਾਂ ਦਾ ਇਕ ਈਸਾਈ ਪੱਤਰ ਵੀ ਜਾਰੀ ਕੀਤਾ ਸੀ।[10] ਅਤੇ ਇਹੀ 'ਨੂਰ ਅਫਸ਼ਾਹ' 'ਨਿਰਗੁਣੀਆਰਾ' ਦਾ ਪ੍ਰੇਰਨਾ ਸਰੋਤ ਜਾਪਦਾ ਹੈ। ਭਾਈ ਵੀਰ ਸਿੰਘ ਦੇ ਨਿਕਟਵਰਤੀ ਲਾਲਾ ਧਨੀ ਰਾਮ ਚਾਤ੍ਰਿਕ ਦੇ ਕਥਨ ਅਨੁਸਾਰ ਭਾਈ ਸਾਹਿਬ ਦਾ ਜਨਮ, ਸਿੰਘ ਸਭਾ ਲਹਿਰ ਦੇ ਜਨਮ ਨਾਲ ਹੋਇਆ।[11] ਸਿੰਘ ਸਭਾ ਲਹਿਰ ਭਾਈ ਵੀਰ ਸਿੰਘ ਦੇ ਨਾਲ ਜਵਾਨ ਹੀ ਨਹੀਂ ਸਗੋਂ ਬਿਰਧ ਵੀ ਹੋਈ। ਇਹ ਗੱਲ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੇ ਸੰਬੰਧ ਵਿਚ ਹੋਰ ਵੀ ਵਧੇਰੇ ਢੁਕਦੀ ਹੈ।

ਡਾ. ਨਰਿੰਦਰ ਸਿੰਘ ਕਪੂਰ ਲਿਖਦੇ ਹਨ ਕਿ ਇਸ ਪੱਤਰ ਨੇ ਪੱਤਰਕਾਰੀ ਅਤੇ ਸਾਹਿਤ ਵਿਚਲੇ ਅੰਤਰ ਨੂੰ ਦੂਰ ਕੀਤਾ ਹੈ। ਪੰਜਾਬੀ ਸਾਹਿਤਕ ਪੱਤਰਕਾਰੀ ਦੇ ਖੇਤਰ ਵਿਚ ਇਹ ਪੱਤਰ ਪਹਿਲਾ ਸਫ਼ਲ ਯਤਨ ਕਿਹਾ ਜਾ ਸਕਦਾ ਹੈ। ਭਾਈ ਵੀਰ ਸਿੰਘ ਦੀ ਬਹੁਤੀ ਮੌਲਿਕ ਰਚਨਾ ਪਹਿਲਾਂ 'ਨਿਰਗੁਣੀਆਰਾ' ਵਿਚ ਹੀ ਛਪੀ ਸੀ, ਜਿਵੇਂ: 'ਰਾਣਾ ਸੂਰਤ ਸਿੰਘ', 'ਬਾਬਾ ਨੌਧ ਸਿੰਘ', 'ਗੁਰੂ ਨਾਨਕ ਚਮਤਕਾਰ', 'ਕਲਗੀਧਰ ਚਮਤਕਾਰ', 'ਲਹਿਰ ਹੁਲਾਰੇ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ', ਆਦਿ। ਇਨ੍ਹਾਂ ਟ੍ਰੈਕਟਾਂ ਨੇ ਸਰਲ ਤੇ ਸੌਖੀ ਬੋਲੀ ਵਿਚ ਨਵੀਨ ਅਤੇ ਸਪਸ਼ਟ ਸ਼ੈਲੀ ਨੂੰ ਜਨਮ ਦਿੱਤਾ ਤੇ ਸ਼ਰਧਾ ਉਪਜਾਊ ਬਿਆਨ ਦੀ ਪ੍ਰਥਾ ਪਾਈ। ਮਾਝੀ ਭਾਵ ਕੇਂਦਰੀ ਪੰਜਾਬੀ ਵਿਚ ਆਧੁਨਿਕ ਪੰਜਾਬੀ ਦਾ ਠੁਕ ਬਣਾਉਣ ਵਿਚ ਇਨ੍ਹਾਂ ਟ੍ਰੈਕਟਾਂ ਦਾ ਬਹੁਤ ਯੋਗਦਾਨ ਹੈ। ਇਨ੍ਹਾਂ ਟ੍ਰੈਕਟਾਂ ਨੇ ਪੰਜਾਬੀ ਲਿਖਤ ਦੇ ਵਿਸ਼ੈ ਖੇਤਰ ਨੂੰ ਵਿਸ਼ਾਲ ਕੀਤਾ। ਪੰਜਾਬੀ ਦੇ ਲੱਖਾਂ ਦੀ ਗਿਣਤੀ ਵਿਚ ਪਾਠਕ ਪੈਦਾ ਕਰਨ ਅਤੇ ਕਈ ਗੁਮਨਾਮ ਲੇਖਕ ਪਾਠਕਾਂ ਦੇ ਸਾਹਮਣੇ ਲਿਆਉਣ ਦਾ ਸਿਹਰਾ ਇਸੇ ਸੁਸਾਇਟੀ ਦੇ ਸਿਰ ਹੈ। ਇਨ੍ਹਾਂ ਟ੍ਰੈਕਟਾਂ ਨੇ ਹੀ ਪ੍ਰੋ. ਪੂਰਨ ਸਿੰਘ ਨੂੰ ਪੰਜਾਬੀ ਸਾਹਿਤ ਲਿਖਣ ਲਈ ਪ੍ਰੇਰਿਆ ਤੇ ਉਨ੍ਹਾਂ ਦੀਆਂ ਰਚਨਾਵਾਂ ਪਹਿਲਾਂ ਇਨ੍ਹਾਂ ਟ੍ਰੈਕਟਾਂ ਵਿਚ ਹੀ ਛਪਦੀਆਂ ਰਹੀਆਂ ਹਨ। ਇਸ ਸੁਸਾਇਟੀ ਨੇ ਏਸ਼ੀਆਈ ਤੇ ਪੱਛਮੀ ਰਚਨਾਵਾਂ ਦੇ ਪੰਜਾਬੀ ਅਨੁਵਾਦ ਛਾਪਣ ਵਿਚ ਵੀ ਪਹਿਲ ਕੀਤੀ। ਪ੍ਰੋ. ਪੂਰਨ ਸਿੰਘ ਵਲੋਂ ਐਮਸਰਨ ਦੇ ਲੇਖਾਂ ਦਾ ਉਲੱਥਾ 'ਅਬਚਲੀ ਜੋਤ' ਪਹਿਲਾਂ 'ਨਿਰਗੁਣੀਆਰਾ' ਵਿਚ ਛਪਦਾ ਰਿਹਾ ਹੈ।[12] 'ਨਿਰਗੁਣੀਆਰਾ' ਨੇ ਪੰਜਾਬੀ ਵਾਰਤਕ ਦੀਆਂ ਲੋਪ ਸੰਭਾਵਨਾਵਾਂ ਪ੍ਰਗਟ ਕੀਤੀਆਂ। ਸਿੱਖਾਂ ਦੀ ਤਲਵਾਰ ਖੁਸਣ ਮਗਰੋਂ ਇਸ ਪੱਤਰ ਰਾਹੀਂ ਕਲਮ ਦੀ ਬਲਕਾਰੀ ਤਾਕਤ ਉਗਮਦੀ ਹੈ।[13]

ਇਸ ਪੱਤਰ ਦੀ ਇਕ ਵੱਡੀ ਦੇਣ ਇਹ ਸੀ ਕਿ ਇਸ ਨੇ ਸਿੱਖ ਸਾਹਿਤ ਦੀਆਂ ਭੁੱਲੀਆਂ ਵਿਸਰੀਆਂ ਰਚਨਾਵਾਂ ਲੱਭ ਕੇ ਉਨ੍ਹਾਂ ਦਾ ਸੰਪਾਦਨ ਕਰਵਾ ਕੇ ਜਾਂ ਅਨੁਵਾਦ ਕਰਵਾ ਕੇ ਵਿਆਖਣ ਤੇ ਪ੍ਰਕਾਸ਼ਣ ਦੀ ਲੀਹ ਪਾਈ। ਪੰਜਾਬੀਆਂ ਵਿਚ ਅਸ਼ਲੀਲ ਕਿੱਸੇ, ਕਹਾਣੀਆਂ ਛੁੜਵਾ ਕੇ, ਉੱਚਾ ਸਾਹਿਤ ਪੈਦਾ ਕਰਨ ਤੇ ਪੜ੍ਹਨ ਦੀ

ਪਿਰਤ ਇਸੇ ਪੱਤਰ ਦੇ ਯਤਨਾਂ ਦਾ ਸਿੱਟਾ ਹੈ। ਸਿੱਖ ਸਮਾਜ ਨੂੰ ਹਲੂਣਨ, ਸਿੱਖਾਂ ਨੂੰ ਸੁਧਾਰਕ ਲਹਿਰਾਂ ਲਈ ਉਭਾਰਨ ਅਤੇ ਇਨਕਲਾਬੀ ਰੋਲ ਲਈ ਤਿਆਰ ਕਰਨ ਵਿਚ ਇਸ ਪੱਤਰ ਨੇ ਵਿਸ਼ੇਸ਼ ਯੋਗਦਾਨ ਦਿੱਤਾ ਹੈ।[14] ਕਿਉਂਕਿ 'ਨਿਰਗੁਣੀਆਰਾ' ਮੂਲ ਰੂਪ ਵਿਚ ਜਾਂ ਬੀਜਰੂਪ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਹੋਰਾਂ ਦਾ ਹੀ ਬਰੇਨ ਚਾਈਲਡ ਸੀ, ਇਸ ਲਈ ਭਾਈ ਸਾਹਿਬ ਇਸ ਨਾਲ ਆਪਣੇ ਜੀਵਨ ਦਾ ਵੱਡਾ ਹਿੱਸਾ ਜੁੜੇ ਰਹੇ। ਉਨ੍ਹਾਂ ਦੀਆਂ ਰਚਨਾਵਾਂ ਦਾ ਪਹਿਲਾ ਮਾਧਿਅਮ ਵੀ ਇਹ ਪੱਤਰ ਦੀ ਜਿੱਥੇ ਸਾਹਿਤ, ਸਿੱਖ ਇਤਿਹਾਸ, ਸਿੱਧ ਸਿਧਾਂਤਾਂ, ਸਿੱਖ ਸਭਿਆਚਾਰ, ਗੁਰਮਤਿ ਦਰਸ਼ਨ, ਤੇ ਸਿੱਖ ਸਮਾਜ ਦਾ ਸੁਧਾਰ ਅਤੇ ਆਦਰਸ਼ੀਕ੍ਰਿਤ ਸਿਰਜਣਾ ਤੇ ਚਰਿਤਰ ਨਿਰਮਾਣ 'ਤੇ ਰਹੀ ਹੈ ਉਥੇ ਕੋਸ਼ਕਾਰੀ, ਵਿਆਖਿਆ, ਵਿਸ਼ੇਸ਼ਲਣ ਤੇ ਪੁਨਰ ਸਿਰਜਣਾ ਵੱਲ ਵੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਹੁਣ ਇਹ ਪੱਤਰ ਨਵੇਂ ਸੰਪਾਦਕੀ ਮੰਡਲ ਦੇ ਉਦਮ ਸਦਕਾ ਨਵੀਂ ਦਿਖ ਨਾਲ ਸਾਹਮਣੇ ਆਇਆ। ਇਸ ਮੈਗਜ਼ੀਨ ਦਾ ਸਾਈਜ਼ ਹੁਣ ਵੱਡਾ ਕਰਕੇ 18x22/4 ਕਰ ਦਿੱਤਾ ਗਿਆ ਹੈ ਅਤੇ ਇਸ ਦਾ ਟਾਈਟਲ ਬਹੁ ਰੰਗਾਂ ਤੇ ਆਰਟ ਪੇਪਰ 'ਤੇ ਛਪਦਾ ਹੈ। ਇਸ ਵਿਚ ਭਾਈ ਵੀਰ ਸਿੰਘ ਦੀਆਂ ਲਿਖਤਾਂ ਤੋਂ ਇਲਾਵਾ ਸਮਕਾਲੀ ਵਿਦਵਾਨਾਂ ਪਾਸੋਂ ਸਮਕਾਲਿਕ ਵਿਸ਼ੇਸ਼ਤਾ ਤੇ ਪ੍ਰਸੰਗਿਕਤਾ ਸਥਾਪਿਤ ਕਰਨ ਵਾਲੇ ਆਰਟੀਕਲ ਲਿਖਵਾਏ ਜਾਂਦੇ ਹਨ ਜਿਨ੍ਹਾਂ ਦੇ ਕੇਂਦਰ ਵਿਚ ਭਾਈ ਵੀਰ ਸਿੰਘ ਤੇ ਦੀਵਾਨ ਨਾਲ ਸੰਬੰਧਿਤ ਸੰਸਥਾਵਾਂ ਨੂੰ ਵੀ. ਪੇਸ਼ ਰੱਖਿਆ ਜਾਂਦਾ ਹੈ। ਇਉਂ ਜਾਪਦਾ ਹੈ ਕਿ ਭਾਈ ਵੀਰ ਸਿੰਘ ਦਾ ਸਮਕਾਲਿਕ, ਪ੍ਰਸੰਗਾਂ ਤੇ ਵਰਤਮਾਨ ਸਮੱਸਿਆਕਾਰ ਵਿਚਾਲੇ ਇਕ ਪੁਲ ਦੀ ਉਸਾਰੀ ਹੋ ਰਹੀ ਜਿਸ ਦਾ ਮੂਲ ਮਨੋਰਥ ਨਿਰਗੁਣੀਆਰਾ ਦੇ ਮੁੱਖ ਸੰਪਾਦਕ ਦੇ ਸ਼ਬਦਾਂ ਵਿਚ ਇਉਂ ਬਿਆਨ ਕੀਤਾ ਗਿਆ ਹੈ: 'ਨਿਰਗੁਣੀਆਰਾ' ਦੇ ਪ੍ਰਕਾਸ਼ਨਾ ਉਦੇਸ਼ਾਂ ਤੇ ਅਸ਼ਿਆਂ ਦੇ ਅਨੁਕੂਲ ਇਸ ਵਿਚ ਭਾਈ ਸਾਹਿਬ ਦੁਆਰਾ ਮਿਥੇ ਗਏ ਟੀਚਿਆਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ। ਜਿਸ ਵਿਚ ਪ੍ਰਮੁੱਖ ਤੌਰ ਤੇ ਆਮ ਲੋਕਾਂ ਵਿਚ ਗੁਰਮਤਿ ਆਸ਼ੇ ਅਨੁਸਾਰ ਮਨੁੱਖੀ ਜੀਵਨ ਦੀ ਸ਼ਖ਼ਸੀਅਤ ਦੀ ਉਸਾਰੀ ਤੇ ਸਮਾਜਿਕ ਜਿੰਮੇਵਾਰੀਆਂ ਨੂੰ ਪਹਿਚਾਣਨ ਦੀ ਪ੍ਰਕ੍ਰਿਆ ਨੂੰ ਹੀ ਪ੍ਰਾਥਮਿਕਤਾ ਦਿੱਤੀ ਗਈ ਹੈ।[15]

ਇਸ ਮੈਗਜ਼ੀਨ ਦੀ ਦਿੱਖ ਬੜੀ ਪ੍ਰਭਾਵਸ਼ਾਲੀ ਬਣ ਦੇ ਨਾਲ, ਇਸ ਵਿਚ ਸ਼ਾਮਲ ਵਿਦਵਾਨਾਂ ਦੀਆਂ ਤਿੰਨਾਂ ਪੀੜ੍ਹੀਆਂ ਦੇ ਆਰਟੀਕਲ ਜਿੱਥੇ ਭਾਈ ਸਾਹਿਬ ਦੀ ਵਿਚਾਰਧਾਰਾ ਨੂੰ ਵਰਤਮਾਨ ਵਿਕਾਸਧਾਰਾ ਨਾਲ ਜੋੜਦੇ ਹਨ, ਉਥੇ ਨਵੀਂ ਪੀੜ੍ਹੀ ਨੂੰ ਭਾਈ ਸਾਹਿਬ ਦੀ ਵਿਚਾਰਧਾਰਕ ਵਿਉਂਤ ਤੋਂ ਵੀ ਪ੍ਰੀਚਤ ਕਰਵਾਉਂਦੇ ਹਨ। ਸੰਪਾਦਕਾਂ ਦੀ ਮਿਹਨਤ ਸਦਕਾ ਇਹ ਮੈਗਜ਼ੀਨ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਵੱਲ ਅਗ੍ਰਸਰ ਹੈ।

ਹੁਣ ਇਹ ਆਸ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਇਹ ਮੈਗਜ਼ੀਨ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਤੇ ਉਨ੍ਹਾਂ ਦੇ ਰਚਨਾਤਮਕ ਸੁਹਜ ਦੇ ਲੁਪਤ ਪਹਿਲੂਆਂ, ਪ੍ਰਸੰਗਾਂ ਤੇ ਦਰਸ਼ਨ ਸ਼ਾਸਤਰੀ ਪਰਿਪੇਖਾਂ ਨੂੰ ਉਜਾਗਰ ਕਰਨ ਦੀ ਭਰਪੂਰ ਕੋਸ਼ਿਸ਼ ਕਰੇਗਾ।

### ਪੈਰ ਟਿੱਪਣੀਆਂ ਤੇ ਹਵਾਲੇ

1. ਸਿੰਘ ਸਭਾ ਪਤ੍ਰਿਕਾ ਅਕਤੂਬਰ-ਨਵੰਬਰ, 1973, ਪੰਨਾ-83.
2. A History of the Sikhs, Khushwant Singh, (Part II) P. 137!
3. ਉਹੀ, ਪੰਨਾ-146.
4. ਖ਼ਾਲਸਾ ਅਖ਼ਬਾਰ, 25 ਮਈ, 1894.
5. (ੳ) ਖ਼ਾਲਸਾ ਐਡਵੋਕੇਟ, 15 ਦਸੰਬਰ, 1904
   (ਅ) ਸਿੱਖ ਤੇ ਬੁਤ-ਪ੍ਰਸਤੀ, ਬਚਨ ਸਿੰਘ, ਪੰਨਾ-8.
6. ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਸੁਰਿੰਦਰ ਸਿੰਘ (ਖੋਜ-ਨਿਬੰਧ), ਪੰਨਾ-92-98.
7. ਪਰਖ, ਅੰਕ ਪਹਿਲਾ, 1968, ਪੰਨਾ-9.
8. 'ਪਰਖ', ਅੰਕ ਪਹਿਲਾ, 1968, ਪੰਨਾ-10,
9. ਪੰਜਾਬੀ ਪੱਤਰਕਾਰੀ ਦਾ ਵਿਕਾਸ, ਡਾ. ਨਰਿੰਦਰ ਸਿੰਘ ਕਪੂਰ, ਪੰਨਾ—75.
10. A Century for Christ, A.H.E. Anderson, P.23.
11. ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਹਰਬੰਸ ਸਿੰਘ (ਸੰਪਾ.), ਪੰਨਾ 42.
12. 'ਨਿਰਗੁਣੀਆਰਾ', ਟ੍ਰੈਕਟ ਨੰ: 1094.
13. ਸਿੰਘ ਸਭਾ ਲਹਿਰ ਦਾ ਪੰਜਾਬੀ ਸਾਹਿਤ ਨੂੰ ਦੇਣ, ਸੁਰਿੰਦਰ ਸਿੰਘ, (ਖੋਜ ਨਿਬੰਧ), ਪੰਨਾ 19.
14. ਪੰਜਾਬੀ ਪੱਤਰਕਾਰੀ ਦਾ ਵਿਕਾਸ, ਡਾ. ਨਰਿੰਦਰ ਸਿੰਘ ਕਪੂਰ, ਪੰਨਾ 79.
15. ਨਿਰਗੁਣਿਆਰਾ, ਟ੍ਰੈਕਟ ਨੰ : 1094.

❑❑❑

# ਪਦਮ ਭੂਸ਼ਣ ਭਾਈ ਸਾਹਿਬ ਡਾ: ਵੀਰ ਸਿੰਘ ਅਤੇ ਸੈਂਟਰਲ ਖ਼ਾਲਸਾ ਯਤੀਮਖਾਨਾ

***ਡਾ: ਜਸਬੀਰ ਸਿੰਘ ਸਾਬਰ****

ਧਰਮੋ-ਸਮਾਜਿਕ ਖੇਤਰ ਵਿਚ ਪਦਮ ਭੂਸ਼ਣ ਡਾ:ਭਾਈ ਵੀਰ ਸਿੰਘ ਜੀ ਦੀ ਸ਼ਖਸੀਅਤ ਦਾ ਇਕ ਅਹਿਮ ਵਿਲਖਣ ਪੱਖ ਸਾਡੇ ਸਾਹਮਣੇਂ ਉਭਰ ਕੇ ਆਉਂਦਾ ਹੈ। ਉਹ ਇਕੋ ਸਮੇਂ ਰੂਹਾਨੀਅਤ ਦੇ ਮਜੀਠ ਰੰਗ ਵਿਚ ਰਤੀ ਰੂਹ, ਆਪਣੇ ਪੁਰਖਿਆਂ ਦੀ ਸਿੱਖੀ ਵਿਰਾਸਤ ਨਾਲ ਜੁੜੇ ਧਰਮੀ ਜੀਵੜੇ, ਸੇਵਾ-ਸਿਮਰਨ ਵਿਚ ਲੀਨ, ਮਹਾਨ ਸਾਹਿੱਤਕਾਰ, ਉਘੇ ਸਮਾਜ ਸੇਵੀ, ਸਿੱਖ-ਸਿਧਾਂਤਾਂ ਦੀ ਪਾਲਨਾ ਕਰਨ ਵਾਲੇ ਗੁਰਸਿੱਖ ਅਤੇ ਬਿਨਾਂ ਭੇਦ ਭਾਵ ਕੀਤੀਆਂ ਬੁਕਾਂ ਮੂੰਹੀ ਪਿਆਰ ਦੇਣ ਵਾਲੇ ਭਵਿੱਖ ਮੁਖੀ ਸੋਚ ਦੇ ਧਾਰਨੀ ਸਨ।ਮਨੁਖਾ ਜੀਵਨ ਨੂੰ ਹਰ ਖੇਤਰ ਵਿਚ ਕਿਵੇਂ ਸੰਵਾਰਨਾ, ਸੁਧਾਰਨਾ ਤੇ ਸ਼ਿੰਗਾਰਨਾ ਹੈ ਇਹ ਆਪ ਦੇ ਜੀਵਨ ਦਾ ਪਰਮ ਮਨੋਰਥ ਸੀ। ਏਸੇ ਲਈ ਸਮਕਾਲ ਦੀਆਂ ਨਿਘਾਰ ਰੁਚੀਆਂ ਵਾਲੀਆਂ ਪ੍ਰਸਥਿਤੀਆਂ ਦੇ ਸੰਘਾਰ ਲਈ ਆਪ ਜੀ ਨੇ ਜੋ ਪ੍ਰਯਤਨ ਕੀਤੇ ਉਹ ਆਪ ਜੀ ਦੀ ਸੰਸਥਾਗਤ ਸ਼ਕਤੀ ਨੂੰ ਉਭਾਰਦੇ ਹਨ। ਮਾਨਵ-ਜਾਤੀ ਦੇ ਕਲਿਆਨ ਵਾਲੀ ਆਪਣੇ ਮੰਤਵ-ਪੂਰਤੀ ਲਈ ਆਪ ਨੇ ਅਜਿਹੀਆਂ ਸੰਸਥਾਵਾਂ ਦਾ ਸੰਚਾਲਨ ਕੀਤਾ ਜਿਨ੍ਹਾਂ ਨੇ ਧਰਮੋ-ਸਮਾਜਿਕ ਖੇਤਰ ਵਿਚ ਮਾਨਵ-ਸੋਚ ਨੂੰ ਇਕ ਅਜਿਹੀ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਿਸ ਨੇ ਉਨ੍ਹਾਂ ਦੀ ਚੇਤਨਾ ਵਿਚੋਂ ਵਹਿਮ, ਭਰਮ, ਪਖੰਡ, ਫੋਕੇ ਕਰਮਕਾਂਡਾਂ ਆਦਿ ਦਾ ਵਿਨਾਸ਼ ਕਰਕੇ ਅਸਲੀ ਤੇ ਸਚੇ-ਸੁਚੇ ਆਦਰਸ਼ਾਂ ਤੇ ਚਲਣ ਦੀ ਪ੍ਰੇਰਨਾ ਸੰਚਾਰਤ ਕੀਤੀ।

ਇਹ ਠੀਕ ਹੈ ਕਿ ਭਾਈ ਵੀਰ ਸਿੰਘ ਜੀ ਵੀ ਅੰਗ੍ਰੇਜ਼ੀ ਦੇ ਪ੍ਰਸਿੱਧ ਸਾਹਿਤਕਾਰ 'ਵਰਡਜ਼ਵਰਥ' ਵਾਂਗ ਕਾਦਰ ਦੀ ਸਾਜੀ ਰੰਗ ਬਰੰਗੀ ਕੁਦਰਤ ਦੇ ਪ੍ਰੇਮੀ ਸਨ ਪਰ ਹਕੀਕਤਨ ਉਹ ਉਸ ਨਾਲੋਂ ਆਪਣੀ ਵਖਰੀ ਸੋਚ ਦੇ ਧਾਰਨੀ ਸਨ ਕਿਉਂਕਿ ਆਪ ਜੀ ਨੇ ਅਕਾਲ ਪੁਰਖ ਦੀ ਸਰਬਸਾਂਝੀ ਲੋਕਾਈ ਤੋਂ ਨਾਂ ਤਾਂ ਉਪਰਾਮਤਾ ਪ੍ਰਗਟਾਈ ਅਤੇ ਨਾ ਹੀ ਉਨ੍ਹਾਂ ਦੇ ਦੁਖਾਂ ਸੁਖਾਂ ਵਲ ਪਿੱਠ ਹੀ ਕੀਤੀ। ਆਪ ਜੀ ਦੀਆਂ ਰਚਨਾਵਾਂ ਇਸ ਤੱਥ ਦੀ ਗੁਆਹੀ ਭਰਦੀਆਂ ਹਨ ਕਿ ਆਪ ਜੀ ਤਨ, ਮਨ, ਧਨ ਕਰਕੇ ਢਿੱਡੋਂ ਉਨ੍ਹਾਂ ਦੇ ਅੰਗ ਸੰਗ ਹੋ ਕੇ ਪਿਆਰ ਜ਼ਜ਼ਬੇ ਵਿਚ ਕੂਕ ਉਠੇ ਕਿ

ਦੁਨੀਆਂ ਦਾ ਦੁੱਖ ਦੇਖ ਦੇਖ ਦਿਲ ਦਬਦਾ ਦਬਦਾ ਜਾਂਦਾ

ਇਸ ਹੂਕ ਵਿਚੋਂ ਹੀ ਆਪ ਜੀ ਦੇ ਯਤਨਾਂ ਸਦਕਾ ਗਰੀਬਾਂ, ਅਨਾਥਾਂ, ਬੇਸਹਾਰਿਆਂ, ਲੋੜਵੰਦਾਂ ਨੂੰ ਸਿਰ ਲੁਕਾਉਣ ਲਈ, ਪੇਟ ਦੀ ਅੱਗ ਬੁਝਾਉਣ ਲਈ ਅਤੇ ਤਨ ਦਾ ਨੰਗੇਜ਼ ਹਟਾਉਣ ਲਈ ਸੈਂਟਰਲ ਯਤੀਮਖਾਨਾ, ਸੂਰਮਾ ਸਿੰਘ ਆਸ਼ਰਮ, ਬਿਰਧ ਆਸ਼ਰਮ, ਹਸਪਤਾਲ ਆਦਿ ਵਰਗੀਆਂ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਦਾ ਪਾਲਣ ਪੋਸ਼ਣ ਅਮਲੀ ਤੌਰ ਤੇ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਤੇ ਰਹਿਨੁਮਾਈ ਹੇਠ ਹੀ ਹੋਇਆ। ਵਿਸ਼ੇਸ਼ਤਾ ਇਹ ਕਿ ਇਨ੍ਹਾਂ ਸੰਸਥਾਵਾਂ ਦੀ ਉਸਾਰੀ ਵਿਚ ਨਿਗਰ ਭੂਮਿਕਾ ਨਿਭਾਉਣ ਤੇ ਯੋਗਦਾਨ ਪਾਉਣ ਬਾਰੇ ਵੀ ਭਾਈ ਸਾਹਿਬ ਦੀ "ਮੇਰੀ ਛਿਪੇ ਰਹਿਣ ਦੀ ਚਾਹ" ਸਾਫ਼ ਤੇ ਸਪਸ਼ਟ ਦਿਸ ਆਉਂਦੀ ਹੈ ਕਿਉਂਕਿ ਕਿਸੇ ਵੀ ਆਸ਼ਰਮ ਦੇ ਅੰਦਰ ਬਾਹਰ ਉਨ੍ਹਾਂ ਦੇ ਨਾਂ ਦੀ ਕੋਈ 'ਸਿਲ' ਨਜ਼ਰ ਨਹੀਂ ਆਉਂਦੀ ਅਤੇ ਨਾ ਹੀ ਕਿਸੇ ਵਿਸ਼ੇਸ਼ ਫੰਡ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ ਜੋ ਸਮੇਂ ਸਮੇਂ ਉਨ੍ਹਾਂ ਸੰਸਥਾਵਾਂ ਦੀ ਉਸਾਰੀ ਲਈ ਆਪ ਜੀ ਵਲੋਂ ਦਿਤੇ ਜਾਂਦੇ ਰਹੇ। 'ਮੇਰੀ ਛਿਪੇ ਰਹਿਣ ਦੀ ਚਾਹ' ਦਾ ਇਹ ਅਮਲੀ ਰੂਪ ਅਜੋਕੇ ਪ੍ਰਸੰਗ ਵਿਚ ਅਨੋਖਾ ਲਗਦਾ ਹੈ ਕਿਉਂਕਿ ਅਜੋਕੇ ਮਾਨਵ ਦੀ ਪਰਵਿਰਤੀ 'ਦੇ ਦੇ ਮੰਗੇ ਸਹਿਸਾ ਗੂਣਾ' ਵਾਲੀ ਵਧੇਰੇ ਭਾਰੂ ਹੈ। ਪਰ ਭਾਈ ਸਾਹਿਬ ਦੀ ਇਸ ਪਰਵਿਰਤੀ ਪਿਛੇ ਗੂਹੜਾ ਰਾਜ ਸੀ  ਗੁਰਬਾਣੀ ਦੀਆਂ ਉਨ੍ਹਾਂ ਪੰਗਤੀਆਂ ਦਾ ਕਿ:-

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**

**ਅਤੇ**

**ਤੀਰਥ ਬਰਤ ਅਰ ਦਾਨ ਕਰ ਮਨ ਮਹਿ ਧਰੈ ਗੁਮਾਨ ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸ਼ਨਾਨ ॥**

ਇਸ ਭਾਵਨਾਵਾਂ ਦੇ ਅੰਤਰਗਤ ਭਾਈ ਵੀਰ ਸਿੰਘ ਜੀ ਨੇ ਅਨੇਕਾਂ ਸੰਸਥਾਵਾਂ ਦੇ ਨਿਰਮਾਣ-ਕਾਰਜ ਵਿਚ ਨਿਗਰ ਯੋਗਦਾਨ ਪਾਇਆ ਪਰ ਇਸ ਹੱਥਲੇ ਲੇਖ ਵਿਚ ਸੈਂਟਰਲ ਖਾਲਸਾ ਯਤੀਮਖਾਨਾ, ਸ੍ਰੀ ਅੰਮ੍ਰਿਤਸਰ ਦੀ ਪਿਠ ਭੂਮੀ ਬਾਰੇ ਹੀ ਜਾਣਕਾਰੀ ਦਿਤੀ ਜਾ ਰਹੀ ਹੈ ਉਹ ਵੀ ਸਾਰ ਰੂਪ ਵਿਚ।

ਇਸ ਤੱਥ ਤੋਂ ਮੁਨਕਰ ਹੋਣਾ ਸੰਭਵ ਨਹੀਂ ਕਿ ਸ੍ਰੀ ਅੰਮ੍ਰਿਤਸਰ ਦੇ ਚੌਥੀ ਨਾਨਕ ਜੋਤਿ ਸ੍ਰੀ ਗੁਰੂ ਰਾਮਦਾਸ ਜੀ ਦਾ ਭਾਈ ਜੇਠਾ ਜੀ ਵਾਲਾ ਮੁਢਲਾ ਰੂਪ ਯਤੀਮ ਬਾਲਕ ਵਾਲਾ ਹੀ ਸੀ। ਪਰ ਉਨ੍ਹਾਂ ਦੀ ਵਸਾਈ ਨਗਰੀ 'ਅਨੂਪ ਰਾਮਦਾਸ ਪੁਰ' ਵਿਸ਼ਵ ਦਾ ਪ੍ਰਸਿੱਧ ਪਵਿਤਰ ਸ਼ਹਿਰ ਬਣ ਕੇ ਉਭਰੀ। ਏਥੇ ਕਿਸੇ ਦਾ ਢਿਡ ਭੁਖਾ ਨਹੀਂ ਰਹਿ ਸਕਦਾ ਕਿਉਂਕਿ ਗੁਰੂ ਕੇ ਲੰਗਰ ਦੀ ਸੰਸਥਾ ਇਹ ਪਲ ਆਉਣ ਹੀ ਨਹੀਂ ਦਿੰਦੀ। ਨਿਆਸਰਿਆਂ ਲਈ ਰੈਣ ਬਸੇਰਾ ਹੈ ਗੁਰੂ ਦਾ ਸਥਾਨ ਅਤੇ ਕਾਰੋਬਾਰ ਲਈ ਗੁਰੂ ਸਾਹਿਬ ਦੇ ਸਮੇਂ ਦੇ ਵਸਾਏ 52 ਕਿਤਿਆਂ ਨਾਲ ਚਹਿਲ ਪਹਿਲ ਹੈ। ਅਜਿਹੀ ਪਾਵਨ ਨਗਰੀ ਵਿਚ ਮਨੁੱਖਤਾ ਦੀ ਅੰਸ਼ ਰੁਲਦੀ ਫਿਰੇ ਇਹ ਸਥਿਤੀ ਭਾਈ ਵੀਰ ਸਿੰਘ ਵਰਗੀਆਂ ਅਰਸ਼ੀ ਰੂਹਾਂ ਸਹਾਰ ਨਹੀਂ ਸਨ ਸਕਦੀਆਂ। ਇਸ ਕਾਰਜ-ਪੂਰਤੀ ਲਈ ਹੀ ਹੋਂਦ ਵਿਚ ਆਇਆ ਸੈਂਟਰਲ ਖ਼ਾਲਸਾ ਯਤੀਮਖਾਨਾ ਜੋ ਇਕ ਸਦੀ ਤੋਂ ਵਧੇਰੇ ਲੰਬੇ ਅਰਸੇ ਤੋਂ ਉਸ ਮਨੁਖਤਾ ਦੀ ਸੇਵਾ ਕਰ ਰਿਹਾ ਹੈ ਜਿਨ੍ਹਾਂ ਨੂੰ ਸਮਾਜ ਵਿਚ ਯਤੀਮ ਵਜੋਂ ਜਾਣਿਆ ਜਾਂਦਾ ਹੈ। ਏਹੋ ਕਾਰਨ ਹੈ ਲਗਦਾ। ਇਸ

* ਸੰਪਾਦਕ, ਨਿਰਗੁਣੀਆਰਾ

ਸੰਸਥਾ ਦੇ ਨਾਮ ਨਾਲ 'ਯਤੀਮਖਾਨਾ' ਸ਼ਬਦ ਜੋੜਨ ਦਾ। ਇਹ ਸੰਸਥਾ ਹੋਂਦ ਵਿਚ ਕਿਵੇਂ ਆਈ ਇਹ ਬੜੀ ਦਿਲਚਸਪ ਗਾਥਾ ਹੈ।

ਦਰਅਸਲ ਜਿਸ ਤਰ੍ਹਾਂ ਭਾਈ ਵੀਰ ਸਿੰਘ ਜੀ ਦਾ ਵੰਸਜ਼ ਪਿਛੋਕੜ, ਸਿੱਖ ਰਾਜ ਕਾਲ ਨਾਲ ਜੁੜਿਆ ਹੋਇਆ ਹੈ ਉਸੇ ਤਰ੍ਹਾਂ ਸ:ਹਰਬੰਸ ਸਿੰਘ ਅਟਾਰੀ ਦਾ ਵੰਸ਼ਜ ਪਿਛੋਕੜ ਵੀ ਪ੍ਰਸਿੱਧ ਸਿੱਖ ਜਰਨੈਲ ਸ:ਸ਼ਾਮ ਸਿੰਘ ਅਟਾਰੀ ਨਾਲ ਸੰਬੰਧਤ ਹੈ। ਇਕ ਤਾਂ ਵੰਸਜ਼ ਪਿਛੋਕੜ ਕਾਰਨ ਅਤੇ ਦੂਸਰਾ ਗੁਰਸਿੱਖੀ ਪਿਆਰ ਵਿਚ ਗੜੂੰਦ ਹੋਣ ਕਾਰਨ ਦੋਵਾਂ ਦੀ ਮਿਤਰਤਾ ਤੇ ਸੋਚ ਵਿਚ ਇਕਸੁਰਤਾ ਦੀ ਡੂੰਘੀ ਸਾਂਝ ਸੀ। ਏਸੇ ਸਾਂਝ ਦੇ ਅੰਤਰਗਤ ਆਪ ਦੋਨੋ ਮਿੱਤਰ, ਸਿੱਖੀ ਦੇ ਪ੍ਰਚਾਰ ਹਿੱਤ ਪਾਕਿਸਤਾਨ ਵਿਚਲੇ ਸੂਬਾ ਸਿੰਧ ਦੇ ਦੌਰੇ ਤੇ ਗਏ ਸਨ। ਵਿਭਿੰਨ ਸਥਾਨਾਂ ਤੇ ਸਿੱਖੀ ਦੀ ਖੁਸ਼ਬੋ ਵੰਡਣ ਉਪਰੰਤ ਜਦੋਂ ਇਹ ਦੋਵੇਂ ਮਿੱਤਰ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਇਨ੍ਹਾਂ ਦੀ ਨਜ਼ਰੀ ਇਕ ਅਜਿਹਾ ਬਾਲਕ ਆਇਆ ਜੋ ਅਨਾਥ ਸੀ। ਉਸ ਦੀ ਹਾਲਤ ਦੇਖ ਇਹ ਦੋਵੇਂ ਗੁਰਮੁਖ ਰੂਹਾਂ ਕੰਬ ਗਈਆਂ ਅਤੇ ਇਹਨਾਂ ਦੀ ਆਤਮਾ ਧੁਰ ਅੰਦਰੋਂ ਝੰਜੋੜੀ ਗਈ ਅਤੇ ਇਹ ਸੋਚੀ ਪੈ ਗਏ। ਸ:ਹਰਬੰਸ ਸਿੰਘ ਉਸ ਅਨਾਥ ਬਾਲਕ ਨੂੰ ਆਪਣੇ ਨਾਲ ਅੰਮ੍ਰਿਤਸਰ ਲੈ ਆਏ। ਏਥੇ ਆ ਕੇ ਇਨ੍ਹਾਂ ਨੇ ਆਪਸੀ ਸਲਾਹ ਮਸ਼ਵਰਾ ਕਰਨ ਉਪਰੰਤ, ਸ:ਸੁੰਦਰ ਸਿਘ ਮਜੀਠੀਆ ਅਤੇ ਸ: ਤਰਲੋਚਨ ਸਿੰਘ ਨੂੰ ਅੰਮ੍ਰਿਤਸਰ ਵਿਚ ਅਜਿਹੇ ਬਾਲਾਂ ਦਾ ਭਵਿੱਖ ਰੋਸ਼ਨ ਕਰਨ ਲਈ ਇਕ ਯਤੀਮਖਾਨਾ ਖੋਹਲਣ ਦੀ ਸਲਾਹ ਦਿਤੀ। ਉਨ੍ਹਾਂ ਨੇ ਅਸੂਲਨ ਇਹ ਤਜਵੀਜ਼ ਪਰਵਾਨ ਕਰਦਿਆਂ 11 ਅਪ੍ਰੈਲ 1904 ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਛਿਮਾਹੀ ਸਮਾਗਮ ਦੀ ਮੀਟਿੰਗ ਵਿਚ ਜੋ ਮਹਾਰਾਜਾ ਸ਼ੇਰ ਸਿੰਘ ਦੇ ਬੁੰਗੇ ਵਿਚ ਹੋਈ ਅਤੇ ਉਸ ਮੀਟਿੰਗ ਵਿਚ 33 ਗੁਰਸਿੱਖ ਵਿਦਵਾਨ ਹਾਜ਼ਰ ਹੋਏ ਵਿਚ ਪੇਸ਼ ਕੀਤੀ। ਇਸ ਮੀਟਿੰਗ ਦੇ ਮਤਾ ਨੰ:5 ਰਾਹੀਂ ਇਹ ਤਜਵੀਜ਼ ਸਰਬ ਸੰਮਤੀ ਨਾਲ ਪ੍ਰਵਾਨ ਹੋਈ ਕਿ ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਵਿਚ ਇਕ ਯਤੀਮਖਾਨਾ ਖੋਹਲਿਆ ਜਾਵੇ। ਇਸ ਫੈਸਲੇ ਤੇ ਅਮਲ ਕਰਨ ਲਈ ਇਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਸ: ਮਿਹਰ ਸਿੰਘ, ਸ: ਚੰਨਣ ਸਿਘ, ਸ:ਮੰਨਾ ਸਿਘ, ਬਾਬਾ ਟਹਿਲ ਸਿਘ ਅਤੇ ਮਾਸਟਰ ਈਸ਼ਰ ਸਿੰਘ ਸ਼ਾਮਲ ਸਨ। ਸ: ਮਿਹਰ ਸਿੰਘ ਇਸ ਸਬ-ਕਮੇਟੀ ਦੇ ਸਕੱਤਰ ਨਿਯੁਕਤ ਕੀਤੇ ਗਏ। ਆਰੰਭ ਵਿਚ ਇਹ ਸੰਸਥਾ 1904 ਤੋਂ 1923 ਤਕ ਰੇਲਵੇ ਸਟੇਸ਼ਨ ਦੇ ਸਾਹਮਣੇ ਨਹਿਰੀ ਦਫ਼ਤਰ ਦੇ ਲਾਗੇ ਕਰਾਏ ਦਾ ਮਕਾਨ ਲੈ ਕੇ ਚਲਾਈ ਜਾਂਦੀ ਰਹੀ ਉਪਰੰਤ, ਲਾਲਾ ਰਾਮ ਨਰਾਇਣ ਤੋਂ ਪੁਤਲੀਘਰ ਦੇ ਇਲਾਕੇ ਵਿਚ ਜਮੀਨ 42000/- ਰੁਪਏ ਨੂੰ ਮੁਲ ਲੈ ਕੇ ਇਮਾਰਤ ਉਸਾਰੀ ਦਾ ਕੰਮ ਸ਼ੁਰੂ ਕਰ ਦਿਤਾ ਗਿਆ ਜੋ 1926 ਵਿਚ ਬਣ ਕੇ ਮੁਕੰਮਲ ਹੋਇਆ। ਮੌਜੂਦਾ ਸੈਂਟਰਲ ਖਾਲਸਾ ਯਤੀਮਖਾਨਾ ਏਸੇ ਸਥਾਨ ਤੇ ਸਥਿਤ ਹੈ ਜੋ ਸਮਾਂ ਪਾ ਕੇ ਅਜ 5 ਏਕੜ ਤਕ ਫੈਲਿਆ ਹੋਇਆ ਹੈ।

ਭਾਈ ਵੀਰ ਸਿੰਘ ਆਪਣੇ ਜੀਵਨ-ਕਾਲ ਦੇ ਮੁਢਲੇ ਸਮੇਂ ਹਫ਼ਤੇ ਵਿਚ ਘਟੋ ਘਟ ਦੋ ਵਾਰ ਅਤੇ ਕਈ ਵਾਰ ਇਸ ਤੋਂ ਵਧ ਵੀ ਏਸ ਯਤੀਮਖਾਨੇ ਵਿਚ ਆਉਂਦੇ ਸਨ ਅਤੇ ਉਹ ਇਨ੍ਹਾਂ ਬਚਿਆਂ ਲਈ ਫਲ ਅਤੇ ਹੋਰ ਪਕਵਾਨਾਂ ਨਾਲ ਆਪਣੀ ਬਘੀ ਭਰ ਕੇ ਲਿਆਂਦੇ ਸਨ। ਕਿਹਾ ਜਾਂਦਾ ਹੈ ਕਿ ਭਾਈ ਵੀਰ ਸਿੰਘ ਜੀ ਆਪਣੇ ਨਿਵਾਸ ਸਥਾਨ ਤੇ ਲਗੇ ਫਲਦਾਰ ਬੂਟਿਆਂ ਦੀ ਪਹਿਲੀ ਖੇਪ, ਯਤੀਮਖਾਨੇ ਦੇ ਇਨ੍ਹਾਂ ਬਚਿਆਂ ਵਾਸਤੇ ਲੈ ਕੇ ਆਉਂਦੇ ਸਨ। ਏਥੇ ਹੀ ਬਸ ਨਹੀਂ ਭਾਈ ਸਾਹਿਬ ਦੇ ਨਿਵਾਸ-ਸਥਾਨ ਤੇ ਜੋ ਸ਼ਰਧਾਲੂ ਜਬਰਨ ਕੋਈ ਤੋਹਫਾ ਭਾਈ ਸਾਹਿਬ ਨੂੰ ਦੇ ਜਾਂਦੇ ਸਨ ਉਹ ਸਾਰੇ ਤੋਹਫੇ ਵੀ ਯਤੀਮਖਾਨੇ ਦੇ ਬਚਿਆਂ ਲਈ ਭੇਜ਼ ਦਿਤੇ ਜਾਂਦੇ ਸਨ। ਇਸ ਦੇ ਨਾਲ ਹੀ ਜਦੋਂ ਵੀ ਕਿਸੇ ਸਮੇਂ ਯਤੀਮਖਾਨੇ ਨੂੰ ਮਾਲੀ-ਸੰਕਟ ਆਉਂਦਾ ਸੀ ਤਾਂ ਭਾਈ ਸਾਹਿਬ ਉਸ ਨੂੰ ਹਲ ਕਰਨ ਲਈ ਵਧ ਤੋਂ ਵਧ ਮਾਇਅਕ ਸਹਾਇਤਾ ਦਿੰਦੇ ਸਨ।

ਇਨ੍ਹਾਂ ਅਨਾਥ ਬਚਿਆਂ ਦੀ ਸੇਵਾ ਲਈ ਭਾਈ ਸਾਹਿਬ ਏਥੋਂ ਤਕ ਉਦਾਰ ਸਨ ਕਿ ਖੁਦ ਉਨ੍ਹਾਂ ਦੇ ਮੈਲੇ ਬਸਤਰ ਅਤੇ ਕੇਸ ਧੋਇਆ ਕਰਦੇ ਸਨ ਅਤੇ ਨਾਲ ਲਿਆਂਦੀਆਂ ਸੁੰਦਰ ਪੁਸ਼ਾਕਾਂ ਨਾਲ ਉਨ੍ਹਾਂ ਨੂੰ ਸਜਾਉਂਦੇ ਸਨ। ਉਨ੍ਹਾਂ ਦੀ ਇਸ ਅਪਣਤ ਤੋਂ ਪ੍ਰੇਰਤ ਹੋ ਕੇ ਯਤੀਮਖਾਨੇ ਦੇ ਬਾਕੀ ਅਧਿਕਾਰੀ ਤੇ ਕਰਮਚਾਰੀ ਵੀ ਇਨ੍ਹਾਂ ਅਨਾਥ ਬਚਿਆਂ ਨੂੰ ਆਪਣੀ ਔਲਾਦ ਵਾਂਗ ਪਿਆਰਦੇ ਸਨ। ਗੁਰਬਾਣੀ-ਸੰਦੇਸ਼ ਤੇ ਆਦੇਸ਼ ਵੀ ਇਸ ਪ੍ਰਸੰਗ ਵਿਚ ਏਹੋ ਉਪਦੇਸ਼ ਦਿੰਦਾ ਹੈ ਕਿ:-----

**ਅਨਿਕ ਭਾਤ ਕਰਿ ਸੇਵਾ ਕਰੀਐ ॥**
**ਜੀਉ ਪ੍ਰਾਨ ਧਨੁ ਆਗੈ ਧਰੀਐ ॥**

ਮਨੁਖਤਾ ਦੀ ਇਹ ਪ੍ਰਭੂ-ਕਿਰਤ, ਸਮਾਜ ਵਿਚ ਬੇਸਹਾਰਾ ਰੁਲਦੀ ਫਿਰੇ ਇਹ ਵਰਤਾਰਾ ਪ੍ਰਭੂ-ਰੰਗ ਵਿਚ ਰਤੀਆਂ ਭਾਈ ਸਾਹਿਬ ਵਰਗੀਆਂ ਰੂਹਾਂ ਨੂੰ ਬੇਚੈਨ ਕਰ ਦਿੰਦਾ ਹੈ। ਏਸੇ ਲਈ ਉਹ ਅਕਾਲ ਪੁਰਖ ਦੀ ਇਸ ਅੰਸ਼ ਦੀ ਸੇਵਾ-ਸੰਭਾਲ ਲਈ ਯਤੀਮਖਾਨੇ, ਅਨਾਥਆਲੇ ਜਿਹੀਆਂ ਸੰਸਥਾਵਾਂ ਦਾ ਨਿਰਮਾਣ ਕਰਦੇ ਹਨ। ਸਿਖੀ-ਮੰਡਲ ਵਿਚ ਕੀਤੀ ਗਈ ਸੇਵਾ ਉਦੋਂ ਹੀ "ਦਰਗਹ ਬੈਸਣ ਪਾਈਐ" ਵਾਲੀ ਬਣਦੀ ਹੈ ਜਦੋਂ ਉਹ ਹਉਮੈਂ-ਰਹਿਤ, ਪਰਉਪਕਾਰੀ ਤੇ ਪਰਸੁਆਰਥੀ ਭਾਵਨਾ ਨਾਲ ਕੀਤੀ ਜਾਵੇ। ਅਜਿਹੀ ਸੇਵਾ' ਨਿਸ਼ਕਾਮ ਭਾਵਨਾ, ਅਧੀਨ ਤਨ, ਮਨ, ਧਨ ਦੀ ਕੁਰਬਾਨੀ ਮੰਗਦੀ ਹੈ ਅਤੇ ਸੇਵਾ ਕਰਨ ਵਾਲਾ ਉਸ ਸੋਚ ਨਾਲ ਜੁੜਦਾ ਹੈ ਕਿ ਉਹ ਮਾਨਵ-ਸੇਵਾ ਦੇ ਇਸ ਕਰਮ ਰਾਹੀਂ ਪ੍ਰਭੂ ਦੀ ਹੀ ਸੇਵਾ ਕਰ ਰਿਹਾ ਹੈ ਕਿਉਂਕਿ ਹਰੇਕ "ਜੀਵ ਰਾਮ-ਅੰਸ਼" ਹੁੰਦਾ ਹੈ।

**ਸਰਬੇ ਏਕ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥**

ਭਾਈ ਵੀਰ ਸਿੰਘ ਜੀ ਦੀ ਯਤੀਮਖਾਨੇ ਨਾਲ ਸੰਬੰਧਤਾ ਏਸੇ ਸੋਚ ਦੀ ਭਾਵਨਾ ਵਾਲੀ ਸੀ।

ਭਾਈ ਵੀਰ ਸਿੰਘ ਜੀ ਦੀ ਪਿਉਂਦ ਵਾਲਾ ਇਹ ਬੂਟਾ ਸੈਂਟਰਲ ਖਾਲਸਾ ਯਤੀਮਖਾਨਾ ਸਮੇਂ ਦੇ ਨਾਲ ਨਾਲ ਵਿਕਸਤ

ਕਰਦਾ ਅਜ 5 ਏਕੜ ਦੇ ਰਕਬੇ ਵਿਚ ਫੈਲਿਆ ਹੋਇਆ ਹੈ। ਵਿਸ਼ੇਸ਼ਤਾ ਇਹ ਕਿ ਸੰਸਥਾ ਹੁਣ ਕੇਵਲ ਇਟਾਂ, ਗਾਰੇ ਤੇ ਪੱਥਰ ਦੀ ਬਣੀ ਇਕ ਬਿਲਡਿੰਗ ਨਹੀਂ ਰਹੀ ਸਗੋਂ ਸਮੁੱਚੀ ਬੇਸਹਾਰਾ ਮਾਨਵ-ਬਚਿਆਂ ਦਾ ਆਪਣੇ ਘਰ ਦਾ ਰੂਪ ਧਾਰਨ ਕਰ ਚੁਕੀ ਹੈ। ਏਥੋਂ ਦੀਆਂ ਇਮਾਰਤਾਂ ਹੁਣ ਦਰਸ਼ਨੀ ਹਨ, ਖੇਡਣ ਲਈ ਮੈਦਾਨ, ਸੁੰਦਰ ਬਾਗ ਬਗੀਚੇ, ਬਚਿਆਂ ਦੀ ਰਿਹਾਇਸ਼ ਲਈ ਸ਼ਾਨਦਾਰ ਹੋਸਟਲ ਅਤੇ ਲੰਗਰ-ਹਾਲ ਅਤੇ ਲਾਇਬਰੇਰੀ। ਗਿਆਨਵਾਨ ਹੋਣ ਲਈ ਵਿਦਿਅਕ ਖੇਤਰ ਨਾਲ ਜੁੜਨ ਵਾਸਤੇ ਇਹਨਾਂ ਬਚਿਆਂ ਨੂੰ ਪਹਿਲੀ ਜਮਾਤ ਤੋਂ ਯੂਨੀਵਰਸਿਟੀ ਪੱਧਰ ਤਕ ਪੜਨ ਦੀਆਂ ਸਹੂਲਤਾਂ ਪ੍ਰਾਪਤ ਹਨ ਉਹ ਵੀ ਬਿਨਾ ਕਿਸੇ ਖਰਚ ਦੇ। ਇਸ ਸਮੇਂ ਏਥੇ 400 ਤੋਂ ਵਧੀਕ ਬਚੇ ਰਿਹਾਇਸ਼ੀ ਹਨ ਜਿਨ੍ਹਾਂ ਦਾ ਸੰਬੰਧ ਬੇਸ਼ਕ ਪੰਜਾਬ ਤੋਂ ਇਲਾਵਾ ਯੂ.ਪੀ., ਬਿਹਾਰ, ਮਧ ਪ੍ਰਦੇਸ਼, ਰਾਜਿਸਥਾਨ, ਦਿਲੀ, ਜੰਮੂ-ਕਸ਼ਮੀਰ, ਹਰਿਆਣਾ ਆਦਿ ਸੂਬਿਆਂ ਨਾਲ ਹੈ। ਪਰ ਇਸ ਦੇ ਬਾਵਜੂਦ ਏਥੇ ਦਾਖਲ ਹੋਣ ਵਾਲੇ ਬਚੇ ਲਈ ਕੇਸ ਰਖਦਿਆਂ ਸਿੱਖੀ ਸਰੂਪ ਕਾਇਮ ਰਖਣਾ ਜ਼ਰੂਰੀ ਹੈ। ਵਡੇ ਹੋ ਕੇ ਇਹੋ ਬਚੇ ਖੰਡੇ ਦੀ ਪਾਹੁਲ ਲੈ ਕੇ ਅੰਮ੍ਰਿਤਧਾਰੀ ਸਿੰਘ ਸਜ ਜਾਂਦੇ ਹਨ। ਬਚਿਆਂ ਦੀ ਪਹਿਲੀ ਤੋਂ ਦਸਵੀਂ ਜਮਾਤ ਦੀ ਪੜ੍ਹਾਈ ਲਈ ਏਥੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਸਕੂਲ ਸਥਾਪਤ ਹੈ ਜਿਸ ਨੂੰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਲੋਂ ਮਾਨਤਾ ਪ੍ਰਾਪਤ ਹੈ। +2 ਦੀ ਵਿਦਿਆ ਲਈ ਬਚੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅਤੇ ਉਚੇਰੀ ਵਿਦਿਆ ਲਈ ਖਾਲਸਾ ਕਾਲਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਵਿਚ ਦਾਖਲੇ ਪ੍ਰਾਪਤ ਕਰਦੇ ਹਨ।

**ਪ੍ਰਾਪਤੀਆਂ**: ਸੈਂਟਰਲ ਖਾਲਸਾ ਯੀਤਮਖਾਨਾ, ਅੰਮ੍ਰਿਤਸਰ ਨੇ ਏਥੇ ਰਹਿਣ ਵਾਲੇ ਬਚਿਆਂ ਦੀ ਜੀਵਨ ਦੇ ਹਰ ਖੇਤਰ ਵਿਚ ਪਰਵਿਰਸ਼ ਕਰਕੇ ਆਪਣੀ ਕੁੱਖ ਵਿਚੋਂ ਸਮਾਜ ਦੇ ਹਰ ਖੇਤਰ ਵਿਚ ਅਨਮੋਲ ਹੀਰੇ ਪੈਦਾ ਕਰਕੇ ਦਿਤੇ ਹਨ।ਦੇਸ਼ ਦੀ ਅਜ਼ਾਦੀ ਦੇ ਹੀਰੋ ਸ਼ਹੀਦ ਊਧਮ ਸਿੰਘ, ਵਿਦਿਆ ਸ਼ਾਸ਼ਤਰੀ ਪ੍ਰਿੰਸੀਪਲ ਅਮੋਲ, ਵਿਸ਼ਵ ਪ੍ਰਸਿੱਧ ਸੰਗੀਤ ਅਚਾਰੀਆ ਸ੍ਰੀ ਦਲੀਪ ਚੰਦਰ ਵੇਦੀ ਆਦਿ ਏਸੇ ਸੰਸਥਾ ਦੀ ਦੇਣ ਹਨ। ਪ੍ਰਸਿੱਧ ਕੀਰਤਨਕਾਰ ਭਾਈ ਸੰਤਾ ਸਿੰਘ, ਭਾਈ ਗੋਪਾਲ ਸਿੰਘ, ਭਾਈ ਗੁਰਮੇਜ਼ ਸਿੰਘ ਆਦਿ ਵੀ ਏਸੇ ਸੰਸਥਾ ਦੇ ਚਿਰਾਗ ਸਨ ਅਤੇ ਹਨ।

ਮਨੁਖਤਾ ਦੀ ਇਕ ਹੋਰ ਨੇਤਰ ਵਿਹੂਣੀ ਅੰਸ਼ ਦੀ ਦੇਖ ਰੇਖ ਲਈ 1935 ਈ: ਵਿਚ ਏਥੇ ਹੀ ਸੂਰਮਾ ਸਿੰਘ ਆਸ਼ਰਮ ਖੋਹਲਿਆ ਗਿਆ ਜਿਥੇ ਬਰੇਲ ਲਿਪੀ ਦੀ ਮਦਦ ਨਾਲ ਇਨ੍ਹਾਂ ਨੇਤਰਹੀਣਾਂ ਨੂੰ ਗੁਰਮਤਿ ਸੰਗੀਤ ਦੇ ਨਾਲ ਨਾਲ ਤੰਤੀ ਸਾਜਾਂ ਦੀ ਸਿਖਲਾਈ ਵੀ ਦਿਤੀ ਜਾਂਦੀ ਹੈ।

ਇਸ ਸੰਸਥਾ ਰਾਹੀਂ ਪ੍ਰਾਪਤ ਕੀਤੇ ਹੁਨਰ ਸਦਕਾ ਬਹੁਤ ਸਾਰੇ ਵਿਦਿਆਰਥੀ ਆਰਥਿਕ ਖੇਤਰ ਵਿਚ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੇ ਸਿੱਖ ਸਿਧਾਂਤ ਦੇ ਅੰਤਰਗਤ ਸੰਗੀਤ, ਵਿਦਿਅਕ, ਸਾਹਿਤ, ਪ੍ਰਬੰਧਕੀ, ਅਧਿਆਪਨ, ਰੇਡੀਓ ਸਟੇਸ਼ਨ, ਕਥਾਵਾਚਕ, ਹੈਡ ਗ੍ਰੰਥੀ, ਪ੍ਰਚਾਰਕ, ਰਾਗੀ, ਵਕਾਲਤ ਆਦਿ ਦੇ ਖੇਤਰ ਵਿਚ ਚੰਗੀ ਰੋਜ਼ੀ ਰੋਟੀ ਕਮਾ ਰਹੇ ਹਨ।

ਧਾਰਮਿਕ ਖੇਤਰ ਦੀਆਂ ਸਮਕਾਲੀ ਲੋੜਾਂ ਦੀ ਪੂਰਤੀ ਹਿਤ ਇਸ ਸੰਸਥਾ ਵਿਚ 1979 ਈ: ਤੋਂ ਭਾਈ ਵੀਰ ਸਿੰਘ ਗੁਰਮਤਿ ਕਾਲਜ ਦੀ ਸਥਾਪਨਾ ਕੀਤੀ ਗਈ ਹੈ ਜੋ ਭਾਈ ਸਾਹਿਬ ਜੀ ਦੀ ਇਸ ਸੰਸਥਾ ਲਈ ਕੀਤੀ ਗਈ ਅਦੁਤੀ ਸੇਵਾ ਨੂੰ ਸਮਰਪਿਤ ਹੈ। ਇਸ ਕਾਲਜ ਵਿਚ ਗਰੀਬ ਪਰਿਵਾਰਾਂ ਨਾਲ ਸੰਬੰਧਿਤ ਬਾਰਵੀਂ ਪਾਸ ਅੰਮ੍ਰਿਤਧਾਰੀ ਬਚੇ ਹੀ ਦਾਖਲ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਤਿੰਨ ਸਾਲਾ ਗੁਰਮਤਿ ਮਿਸ਼ਨਰੀ ਕੋਰਸ ਵਿਚ ਹਾਰਮੋਨੀਅਮ, ਤਬਲਾ ਅਤੇ ਤੰਤੀ ਸਾਜਾਂ ਦੀ ਸਿਖਲਾਈ ਦੇ ਨਾਲ ਨਾਲ ਸਿੱਖ ਇਤਿਹਾਸ, ਗੁਰਬਾਣੀ, ਤੁਲਨਾਤਮਿਕ ਧਰਮ ਅਧਿਐਨ ਅਤੇ ਗੁਰਮਤਿ ਸਿਧਾਂਤਾਂ ਬਾਰੇ ਨਵੇਂ ਮੁਹਾਵਰੇ ਵਿਚ ਯੋਗ ਸਿਖਲਾਈ ਦਿਤੀ ਜਾਂਦੀ ਹੈ ਜੋ ਬਹੁਤ ਉਪਯੋਗੀ ਸਿਧ ਹੋ ਰਹੀ ਹੈ।

ਅੱਜ ਭਾਈ ਵੀਰ ਸਿੰਘ ਜੀ ਦੀ ਆਰੰਭੀ ਮਾਨਵ-ਸੇਵਾ ਭਾਵਨਾ ਵਾਲੀ ਇਹ ਸੰਸਥਾ 'ਸੈਂਟਰਲ ਖਾਲਸਾ ਯਤੀਮਖਾਨਾ', ਚੀਫ਼ ਖ਼ਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਸਿਖੀ ਘਾੜਤ ਘੜਨ ਵਾਲੀ ਸੱਚੀ ਟਕਸਾਲ' ਦਾ ਰੂਪ ਧਾਰਨ ਕਰ ਚੁੱਕੀ ਹੈ ਜਿਸ ਦੇ ਇਸ ਸਮੇਂ ਸ: ਸਰਬਜੀਤ ਸਿੰਘ, ਡਾ: ਸੁਰਿੰਦਰ ਕੌਰ ਢਿੱਲੋਂ ਅਤੇ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ (ਸਾਬਕਾ ਜਨਰਲ ਸਕੱਤਰ) ਮੈਂਬਰ ਇੰਚਾਰਜ ਹੋਣ ਦੇ ਨਾਤੇ ਸੇਵਾ-ਸੰਭਾਲ ਕਰ ਰਹੇ ਹਨ।

## ਦਰਦ ਦੇਖ ਦੁਖ ਆਂਦਾ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋਂ ਨੀਰ ਵਸਾਂਦਾ,

ਫਿਰ ਵੀ ਦਰਦ ਨ ਘਟੇ ਜਗਤ ਦਾ
ਚਾਹੇ ਆਪਾ ਵਾਰੋ,
ਪਰ ਪੱਥਰ ਨਹੀਂ ਬਣਿਆ ਜਾਂਦਾ
ਦਰਦ ਦੇਖ ਦੁਖ ਆਂਦਾ।

# ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ - ਅੰਮ੍ਰਿਤਸਰ

*ਡਾ. ਇੰਦਰਜੀਤ ਸਿੰਘ ਗੋਗੋਆਣੀ**

ਗੁਰਮਤਿ ਸਾਹਿਤ ਦੇ ਸ਼੍ਰੋਮਣੀ ਵਿਦਵਾਨ, ਕੁਦਰਤ ਦੇ ਕਵੀ, ਮਹਾਨ ਵਿਆਖਿਆਕਾਰ, ਭਾਈ, ਯੋਧੇ ਵੀ ਤੇ ਸਿੰਘਊਪੁਣੇ ਦਾ ਵਜੂਦ ਰੱਖਣ ਵਾਲੀ ਸ਼ਖ਼ਸੀਅਤ-ਭਾਈ ਵੀਰ ਸਿੰਘ ਜੀ ਦੀ ਸਿਮਰਤੀ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਪੁਤਲੀਘਰ ਵਿਖੇ 1978 ਵਿਚ ਭਾਈ ਵੀਰ ਸਿੰਘ ਗੁਰਮਤਿ ਵਿਦਿਆਲੇ ਦੀ ਸ਼ੁਰੂਆਤ ਕੀਤੀ। ਇਸ ਦਾ ਮੁੱਖ ਕਾਰਨ ਸੀ ਕਿ ਚੰਗੇ ਪੜ੍ਹੇ ਲਿਖੇ, ਗੁਰਮਤਿ ਦੇ ਬਿਬੇਕੀ ਪ੍ਰਚਾਰਕ, ਸੂਝਵਾਨ ਗ੍ਰੰਥੀ ਤੇ ਰਾਗੀ ਸਿੰਘ ਤਿਆਰ ਕਰਕੇ ਗੁਰਮਤਿ ਦੇ ਪ੍ਰਚਾਰ ਲਈ ਦੇਸ਼ਾਂ/ਵਿਦੇਸ਼ਾਂ ਵਿਚ ਭੇਜੇ ਜਾਣ।

ਗੁਰਮਤਿ ਵਿਦਿਆਲੇ ਵਿਚ ਪਹਿਲਾਂ ਵਿਦਿਆਰਥੀਆਂ ਦੀ ਘੱਟੋ ਘੱਟ ਯੋਗਤਾ ਮੈਟ੍ਰਿਕ ਜ਼ਰੂਰੀ ਹੁੰਦੀ ਸੀ ਤੇ ਇਹ 10 ਵਿਦਿਆਰਥੀਆਂ ਦੀ ਸਾਂਭ ਸੰਭਾਲ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਗਿਆ ਸੀ। ਪਹਿਲੇ ਪ੍ਰਿੰਸੀਪਲ ਸ੍ਰ. ਜਸਵੰਤ ਸਿੰਘ ਜੀ ਸਨ, ਜੋ ਇਸ ਸਮੇਂ ਇੰਗਲੈਂਡ ਵਿਖੇ ਸਥਾਪਤ ਹਨ। ਉਨ੍ਹਾਂ ਨੇ 1978 ਤੋਂ 1982 ਤੱਕ ਪੂਰੀ ਲਗਨ ਨਾਲ ਸੇਵਾ ਨਿਭਾਈ। ਪਹਿਲੇ ਸਾਲਾਂ ਵਿਚ ਵਿਦਿਆਰਥੀਆਂ ਵਿਚ ਬਹੁਤਾ ਉਤਸ਼ਾਹ ਨਹੀਂ ਸੀ। ਹਰ ਸੈਸ਼ਨ ਵਿਚ ਅੱਧੇ ਕੁ ਵਿੱਚੋਂ ਹੀ ਛੱਡ ਜਾਂਦੇ ਸਨ। ਜ਼ਿਆਦਾ ਸਮਾਂ ਪੰਜ ਜਾਂ ਛੇ ਵਿਦਿਆਰਥੀ ਹੀ ਦੋ ਸਾਲ ਪੂਰੇ ਕਰਦੇ ਸਨ। ਹਾਲਾਂ ਕਿ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਵੀ ਦੋ ਕੁ ਹੀ ਮਿਸ਼ਨਰੀ ਅਦਾਰੇ ਸਨ। ਇਕ ਅੰਮ੍ਰਿਤਸਰ ਤੇ ਦੂਜਾ ਬੁੱਢਾ ਜੌਹੜ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵੱਲ ਦਾਖ਼ਲੇ ਲਈ ਦੌੜ ਵੱਧ ਹੁੰਦੀ ਸੀ। ਉਂਜ ਇਸ ਗੁਰਮਤਿ ਵਿਦਿਆਲੇ ਵਿਚ ਜਿਹੜੇ ਵੀ ਵਿਦਿਆਰਥੀ ਦੋ ਸਾਲ ਪੂਰੇ ਕਰ ਗਏ, ਉਹ ਬੇਰੋਜ਼ਗਾਰ ਨਹੀਂ ਰਹੇ।

ਮੁਕਾਬਲਤਨ ਆਮ ਮਿਸ਼ਨਰੀ ਅਦਾਰਿਆਂ ਨਾਲੋਂ ਗੁਰਮਤਿ ਵਿਦਿਆਲੇ ਵਿਚ ਸਗੋਂ ਇੱਕ ਵਾਧਾ ਹੈ ਕਿ ਇਥੇ ਵਿਦਿਆਰਥੀ ਜੋ ਚਾਹੇ ਸਿੱਖ ਸਕਦਾ ਹੈ। ਪਰ ਪ੍ਰਚਾਰਕ ਕਲਾਸ ਸਭਨਾਂ ਲਈ ਜ਼ਰੂਰੀ ਹੈ। ਦੋ ਵਜੇ ਤੋਂ ਬਾਅਦ ਇਥੇ ਸਿੱਖਣ ਲਈ ਸਮਾਂ ਬਹੁਤ ਹੁੰਦਾ ਹੈ ਭਾਵੇਂ ਕੋਈ ਕੀਰਤਨ ਸਿੱਖੇ ਜਾਂ ਤਬਲਾ ਜਾਂ ਤੰਤੀ ਸਾਜ। ਇਸ ਸੰਬੰਧੀ ਸਾਰੇ ਹੀ ਉਸਤਾਦਾਂ ਤੋਂ ਸਹਿਯੋਗ ਮਿਲਦਾ ਹੈ। ਕਥਾ/ਲੈਕਚਰ-ਪ੍ਰਚਾਰਕ ਕਲਾਸ ਦਾ ਹਿੱਸਾ ਹੈ। ਇਸ ਸੰਸਥਾ ਦੀ ਹਰ ਨੁੱਕਰੇ ਕਲਾ ਹੈ। ਗੁਰਦੁਆਰਾ ਸਾਹਿਬ ਦੀ ਹਾਜ਼ਰੀ ਜ਼ਰੂਰੀ ਹੈ ਜੋ ਸਵੇਰ-ਸ਼ਾਮ ਦੀ ਮਰਯਾਦਾ ਵਿਦਿਆਰਥੀਆਂ ਲਈ ਜੀਵਨ ਘਾੜਤ ਦੀ ਟਕਸਾਲ ਹੈ।

1973 ਤੋਂ ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਧਰਮ ਪ੍ਰਚਾਰ ਲਈ ਬਹੁਤ ਸਰਗਰਮ ਹੋਈ ਸੀ। ਇਸ ਵਿਚ ਭਾਈ ਵੀਰ ਸਿੰਘ ਗੁਰਮਤਿ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਕੀਰਤਨ, ਕਥਾ, ਲੈਕਚਰ ਆਦਿ ਲਈ ਅਭਿਆਸੀ ਮੌਕਾ ਮਿਲ ਜਾਂਦਾ ਸੀ। ਅੰਮ੍ਰਿਤ-ਸੰਚਾਰ ਸਮੇਂ ਵਿਦਿਆਲੇ ਦੇ ਵਿਦਿਆਰਥੀ ਵੀ ਪੰਜਾਂ ਪਿਆਰਿਆਂ 'ਚ ਸ਼ਾਮਲ ਹੁੰਦੇ ਸਨ। ਪ੍ਰੋ. ਹਰੀ ਸਿੰਘ ਜੀ ਦਾ ਜੋਸ਼ੀਲਾ ਭਾਸ਼ਨ ਵਿਦਿਆਰਥੀਆਂ ਲਈ ਪ੍ਰੇਰਕ ਸ਼ਕਤੀ ਹੁੰਦਾ ਸੀ। ਸੰਗਤਾਂ ਵਿਚ ਗਿ: ਹਰਬੰਸ ਸਿੰਘ, ਡਾ. ਸ਼ਮਸ਼ੇਰ ਸਿੰਘ ਜੀ, ਪ੍ਰੋ. ਨਰਿੰਦਰ ਜੀਤ ਸਿੰਘ ਆਪਣੇ ਵਿਸ਼ੇ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰਦੇ ਸਨ।

ਇਸ ਗੁਰਮਤਿ ਵਿਦਿਆਲੇ ਵਿਚ 1978 ਤੋਂ 2003 ਤੱਕ ਦੋ ਸਾਲਾ ਪ੍ਰਚਾਰਕ ਕੋਰਸ ਰਿਹਾ। ਸੰਨ 2003-2004 ਦੇ ਸੈਸ਼ਨ ਤੋਂ ਇਹ ਕੋਰਸ 3 ਸਾਲ ਦਾ ਕਰ ਦਿੱਤਾ ਗਿਆ ਹੈ। ਇਸ ਦਾ ਕਾਰਨ ਕੁਝ ਮਿਸ਼ਨਰੀ ਅਦਾਰਿਆਂ ਵਿਚ ਸਮਾਂ ਤਿੰਨ ਸਾਲ ਦਾ ਹੋਣ ਕਰਕੇ ਸੀ। ਉਂਝ ਵੀ ਕੁਝ ਬਣਨ ਜਾਂ ਬਣਾਉਣ ਲਈ 3 ਸਾਲ ਜ਼ਿਆਦਾ ਨਹੀਂ ਹਨ। ਹੁਣ ਦਾਖ਼ਲੇ ਲਈ ਘੱਟੋ ਘੱਟ ਵਿਦਿਅਕ ਯੋਗਤਾ +2 ਹੈ। ਸੰਨ 2010 ਵਿਚ ਗੁਰਮਤਿ ਵਿਦਿਆਲੇ ਦਾ ਨਾਉਂ ਤਬਦੀਲ ਕਰਕੇ 'ਭਾਈ ਵੀਰ ਸਿੰਘ ਗੁਰਮਤਿ ਕਾਲਜ' ਕਰ ਦਿੱਤਾ ਗਿਆ ਹੈ। ਹੁਣ ਇਥੇ ਹਰ ਸਾਲ 20 ਵਿਦਿਆਰਥੀ ਭਰਤੀ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚੋਂ 10-15 ਜ਼ਰੂਰ ਸਿਰੇ ਚੜ੍ਹ ਜਾਂਦੇ ਹਨ। ਕੁਝ ਦੇ ਛੱਡਣ ਦਾ ਕਾਰਨ ਹੈ ਕਿ ਉਹ ਆਉਣ ਤੋਂ ਪਹਿਲਾਂ ਮਨ ਕਰਕੇ ਤਿਆਰ ਨਹੀਂ ਹੁੰਦੇ ਅਤੇ ਕੁਝ ਬਹਾਨੇਬਾਜ਼ ਤੇ ਕਮਜ਼ੋਰ ਹੁੰਦੇ ਹਨ।

ਭਾਈ ਵੀਰ ਸਿੰਘ ਗੁਰਮਤਿ ਵਿਦਿਆਲੇ/ਕਾਲਜ ਵਿਚ 1978 ਤੋਂ ਲੈ ਕੇ 2015 ਤੱਕ ਕੋਰਸ ਪਾਸ ਕਰ ਗਏ ਵਿਦਿਆਰਥੀਆਂ ਦੀ ਗਿਣਤੀ ਸਵਾ ਤਿੰਨ ਸੌ ਦੇ ਕਰੀਬ ਬਣਦੀ ਹੈ। ਇਸ ਸੰਸਥਾ ਨੂੰ ਸਥਾਪਤ ਹੋਇਆਂ 38 ਸਾਲ ਹੋ ਗਏ ਹਨ। ਇਨ੍ਹਾਂ ਸਾਲਾਂ ਦੇ ਦੌਰਾਨ ਇਥੋਂ ਦੇ ਇਹ ਸਾਰੇ ਹੀ ਵਿਦਿਆਰਥੀ ਦੇਸ਼, ਵਿਦੇਸ਼, ਸ਼੍ਰੋਮਣੀ ਕਮੇਟੀ, ਸਿੰਘ ਸਭਾਵਾਂ, ਖ਼ਾਲਸਾ ਸਕੂਲਾਂ, ਕਾਲਜਾਂ ਤੇ ਹੋਰ ਕੌਮੀ ਅਦਾਰਿਆਂ ਵਿਚ ਸਥਾਪਤ ਹਨ। ਇਸ ਤੋਂ ਇਲਾਵਾ ਭਾਈ ਗੋਪਾਲ ਸਿੰਘ (ਮਲੇਸ਼ੀਆ) ਭਾਈ ਪੁਸ਼ਪਿੰਦਰ ਸਿੰਘ (ਆਸਟਰੇਲੀਆ) ਵਿਖੇ ਮੁੱਖ ਗ੍ਰੰਥੀ ਹਨ। ਸ੍ਰ. ਲਖਵਿੰਦਰ ਸਿੰਘ ਟੱਲਗੜ੍ਹ (ਮੁੱਖ ਗ੍ਰੰਥੀ ਨਿਊਯਾਰਕ) ਸ੍ਰ. ਦਿਲਦਾਰ ਸਿੰਘ ਭੂਲਪੁਰ (ਕੀਰਤਨੀਆਂ-ਨਿਊਯਾਰਕ) ਭਾਈ ਬਲਦੇਵ ਸਿੰਘ ਜੰਮੂ (ਗ੍ਰੰਥੀ ਨਿਊਯਾਰਕ) ਸ੍ਰ. ਇੰਦਰਪਾਲ ਸਿੰਘ, ਸ੍ਰ. ਦਿਲਦਾਰ ਸਿੰਘ (ਨਿਊਜ਼ੀਲੈਂਡ), ਸ੍ਰ. ਸਕੱਤਰ ਸਿੰਘ ਚੱਕ ਸ਼ਕੂਰ (ਪ੍ਰਚਾਰਕ

* ਮੁਖੀ, ਖੋਜ ਇਤਿਹਾਸ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਯੂ.ਐਸ.ਏ.), ਸ੍ਰ. ਜਸਬੀਰ ਸਿੰਘ ਸੁਲਤਾਨਪੁਰ (ਕਥਾਵਾਚਕ ਕੈਨੇਡਾ), ਸ੍ਰ. ਕੁਲਵੰਤ ਸਿੰਘ ਚੰਡੀਗੜ੍ਹ (ਕਥਾਵਾਚਕ ਕੈਨੇਡਾ), ਸ੍ਰ. ਹਰਭਜਨ ਸਿੰਘ (ਜਰਮਨੀ). ਸ੍ਰ. ਗੁਰਪ੍ਰੀਤ ਸਿੰਘ (ਸੈਨਫਰਾਂਸਿਸਕੋ), ਸ੍ਰ. ਸੁਖਜਿੰਦਰ ਸਿੰਘ (ਇੰਗਲੈਂਡ), ਭਾਈ ਮਨਦੀਪ ਸਿੰਘ ਦਾ ਜਥਾ (ਆਸਟਰੇਲੀਆ), ਭਾਈ ਨਿਸ਼ਾਨ ਸਿੰਘ, ਭਾਈ ਪਰਮਜੋਤ ਸਿੰਘ, ਭਾਈ ਮਲਕੀਤ ਸਿੰਘ (ਸਿੰਘ ਸਭਾ ਉੜੀਸਾ), ਸ੍ਰ. ਹਰਜੀਤ ਸਿੰਘ (ਕੈਨੇਡਾ), ਸ੍ਰ. ਦਰਸ਼ਨ ਸਿੰਘ, ਸ੍ਰ. ਸੁਖਵੰਤ ਸਿੰਘ (ਪ੍ਰਚਾਰਕ ਸ਼੍ਰੋਮਣੀ ਕਮੇਟੀ) ਅਤੇ ਇਸ ਤੋਂ ਇਲਾਵਾ ਵਿਦਿਆਲੇ ਦੇ ਅਨੇਕਾਂ ਵਿਦਿਆਰਥੀ ਬਤੌਰ ਧਾਰਮਿਕ ਟੀਚਰ, ਸੰਗੀਤ ਅਧਿਆਪਕ ਵੱਖ-ਵੱਖ ਸਕੂਲਾਂ, ਕਾਲਜਾਂ ਜਾਂ ਅਕੈਡਮੀਆਂ ਵਿਚ ਸਥਾਪਤ ਹੋਏ ਹਨ। ਇਨ੍ਹਾਂ ਵਿਚੋਂ ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ਼ਹੀਦਾਂ ਵਿਖੇ ਵੀ ਬਤੌਰ ਕੀਰਤਨੀਏ ਕਈ ਵਿਦਿਆਰਥੀ ਸੇਵਾ ਨਿਭਾਅ ਰਹੇ ਹਨ। (ਕੁਝ ਛਿਪੇ ਹੋਏ ਹਨ ਜਿਨ੍ਹਾਂ ਨਾਲ ਸਾਡਾ ਤਾਲ ਮੇਲ ਨਹੀਂ ਬਣਿਆ)।

ਇਨ੍ਹਾਂ ਸਤਰਾਂ ਦੇ ਲੇਖਕ ਨੇ ਖ਼ੁਦ ਇਥੇ 1983 ਤੋਂ 85 ਤੱਕ ਦੋ ਸਾਲਾ ਪ੍ਰਚਾਰਕ ਦਾ ਕੋਰਸ ਕੀਤਾ। ਇਸ ਦੇ ਨਾਲ ਕੀਰਤਨ, ਤਬਲਾ ਤੇ ਵਾਇਲਨ ਵੀ ਸਿੱਖੀ। ਇਸ ਵਿਦਿਆਲੇ ਨੇ ਸਾਨੂੰ ਅੱਗੇ ਉਚੇਰੀ ਵਿਦਿਆ ਲਈ ਬਹੁਤ ਸਹਿਯੋਗ ਦਿੱਤਾ। (ਅੱਜ ਵੀ ਏਥੇ ਕਈ ਵਿਦਿਆਰਥੀ ਬੀ.ਏ. ਕਰ ਜਾਂਦੇ ਹਨ)। ਸਭ ਤੋਂ ਵੱਡੀ ਗੱਲ ਕਿ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਤੇ ਜੀਵਨ ਸੰਬੰਧੀ ਇਥੇ ਆ ਕੇ ਹੀ ਜਾਣਕਾਰੀ ਹੋਈ। ਅਸੀਂ ਨੜਿਨਵੇਂ ਪ੍ਰਤੀਸ਼ਤ ਵਿਦਿਆਰਥੀ ਪਿੰਡਾਂ ਦੇ ਰਹਿਣ ਵਾਲੇ ਹੀ ਆਉਂਦੇ ਸਾਂ। ਅਸੀਂ ਢਾਡੀਆਂ ਜਾਂ ਗਾਉਣ ਵਾਲਿਆਂ ਬਾਰੇ ਤਾਂ ਕੁਝ ਜ਼ਰੂਰ ਜਾਣਦੇ ਸਾਂ, ਪਰ ਗੁਰਬਾਣੀ, ਗੁਰਮਤਿ ਸਾਹਿਤ, ਮਰਯਾਦਾ, ਇਤਿਹਾਸ ਜਾਂ ਗੁਰਮਤਿ ਦੇ ਵਿਦਵਾਨਾਂ ਬਾਰੇ ਸਾਡੀ ਜਾਣਕਾਰੀ ਨਾ ਮਾਤਰ ਹੀ ਹੁੰਦੀ ਸੀ। ਕੁਝ ਵਿਦਿਆਰਥੀ ਅਜਿਹੇ ਵੀ ਆਉਂਦੇ, ਜਿਨ੍ਹਾਂ ਨੂੰ ਮੈਟ੍ਰਿਕ ਪਾਸ ਕਰਨ ਉਪਰੰਤ ਵੀ ਦਸ ਗੁਰੂ ਸਾਹਿਬਾਨ ਦੇ ਨਾਮ ਤੱਕ ਵੀ ਨਹੀਂ ਸੀ ਪਤਾ ਹੁੰਦੇ। ਕੁਝ ਇੰਟਰਵਿਊ ਦੀ ਤਿਆਰੀ ਦੇ ਬਹਾਨੇ ਵੀ ਕੁਝ ਯਾਦ ਕਰਕੇ ਆ ਜਾਂਦੇ ਸਨ। ਕੁਝ ਗੁਰਮਤਿ ਦੇ ਚੰਗੇ ਮਹੌਲ ਵਾਲੇ ਪਰਿਵਾਰਾਂ ਵਿਚੋਂ ਵੀ ਹੁੰਦੇ ਸਨ। ਇਥੇ ਪਹਿਲਾਂ ਗੁਰਬਾਣੀ ਸੰਥਿਆ ਕਰਾਈ ਗਈ ਤੇ ਪਹਿਲੇ ਤਿੰਨ ਮਹੀਨਿਆਂ ਵਿਚ ਨਿੱਤਨੇਮ ਦੀਆਂ ਬਾਣੀਆਂ ਕੰਠ ਕਰਵਾਈਆਂ ਗਈਆਂ, ਹੁਣ ਵੀ ਇਹੋ ਤਰੀਕਾ ਹੈ। ਮਨੋਵਿਗਿਆਨ ਦਾ ਲੇਖ ਤਾਂ ਮੈਂ ਬਾਅਦ ਵਿਚ ਪੜ੍ਹਿਆ। ਸਾਨੂੰ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਤੜਕੇ 4 ਵਜੇ ਗਿਆਨੀ ਸੋਹਨ ਸਿੰਘ ਜੀ ਡੰਡਾ ਮੰਜੇ 'ਚ ਮਾਰ ਕੇ ਜਗਾਉਂਦੇ ਸਨ।

ਅਸੀਂ ਇਕ ਦਿਨ ਪੁੱਛਿਆ, ਕਿਉਂ ਬਾਪੂ ! ਸਾਨੂੰ ਕਿੰਨਾ ਚਿਰ ਹੋਰ ਡੰਡਿਆਂ ਨਾਲ ਡਿਸਟਰਬ ਕਰੋਗੇ?

ਗਿਆਨੀ ਜੀ ਹੱਸ ਕੇ ਕਹਿੰਦੇ, ਤਿੰਨ ਕੁ ਹਫ਼ਤੇ ਲੋੜ ਹੈ ਡੰਡੇ ਦੀ, ਫਿਰ ਤੁਹਾਡਾ ਚਾਰ ਵਜੇ ਜਾਗਣ ਦਾ ਸੁਭਾਅ ਬਣ ਜਾਵੇਗਾ। ਇਹ ਜ਼ਿੰਦਗੀ ਦਾ ਸੱਚ ਹੋ ਨਿਬੜਿਆ ਕਿ ਚੰਗੀ ਆਦਤ ਬਣਾਉਣ ਲਈ ਮਨ ਮਾਰ ਕੇ ਤਿੰਨ ਕੁ ਹਫ਼ਤੇ ਦੇ ਲਗਾਤਾਰ ਅਭਿਆਸ ਦੀ ਲੋੜ ਹੁੰਦੀ ਹੈ।

ਪਹਿਲੇ ਸਮੇਂ ਆਸ਼ਰਮ ਦੀ ਬਿਲਡਿੰਗ ਦੇ ਉਪਰ ਦੋ-ਤਿੰਨ ਕਮਰੇ ਚੁਬਾਰੇ ਦੀ ਤਰ੍ਹਾਂ ਸਨ, ਜੋ ਸਾਡੀ ਵਿਦਿਆਲੇ ਦੇ ਵਿਦਿਆਰਥੀਆਂ ਦੀ ਰਿਹਾਇਸ਼ ਹੁੰਦੀ ਸੀ। ਅਸੀਂ ਮੋਟੇ ਅੱਖਰਾਂ 'ਚ ਕੰਧ 'ਤੇ ਲਿੱਖ ਦਿੱਤਾ, 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ'। ਉਸ ਸਮੇਂ ਬਲਖ ਬੁਖਾਰੇ ਬਾਰੇ ਸਾਡਾ ਕੋਈ ਗਿਆਨ ਨਹੀਂ ਸੀ ਨਾ ਛੱਜੂ ਦਾ ਪਤਾ ਸੀ। ਉਂਝ ਅਸੀਂ ਇਨ੍ਹਾਂ ਚੁਬਾਰਿਆਂ 'ਚ ਮੁਫ਼ਤ ਦੀ ਰਿਹਾਇਸ਼, ਮੁਫ਼ਤ ਦੀਆਂ ਰੋਟੀਆਂ, ਮੁਫ਼ਤ ਦੀ ਵਿੱਦਿਆ ਤੇ ਮੁਫਤ ਦੀ ਬੱਤੀ ਬਾਲ ਕੇ ਇਹਨੂੰ ਬਲਖ ਬੁਖਾਰੇ ਤੋਂ ਕਿਤੇ ਵਧੀਆ ਸਮਝਦੇ ਸਾਂ। ਪ੍ਰਿੰ: ਗੰਗਾ ਸਿੰਘ ਜੀ ਦੀ ਪੁਸਤਕ 'ਜਨਤਾ ਵਿਚ ਕਿਵੇਂ ਬੋਲੀਏ' ਪੜ੍ਹ ਕੇ ਅਸੀਂ ਇਥੇ ਵੱਡ ਅਕਾਰੀ ਸ਼ੀਸ਼ਿਆਂ ਅੱਗੇ ਕਥਾ, ਲੈਕਚਰ, ਕੀਰਤਨ ਦੇ ਅਭਿਆਸ ਕੀਤੇ। ਏਨੇ ਵੱਡ ਅਕਾਰੀ ਸ਼ੀਸ਼ੇ ਸਾਡੇ ਕਿਸੇ ਦੇ ਘਰਾਂ ਵਿਚ ਉਸ ਸਮੇਂ ਨਹੀਂ ਸਨ। ਇਤਿਹਾਸ ਪੜ੍ਹਦਿਆਂ ਇਥੇ ਛੱਜੂ ਝੀਵਰ ਦਾ ਜ਼ਰੂਰ ਗਿਆਨ ਹੋਇਆ ਕਿ ਅੱਠਵੇਂ ਪਾਤਸ਼ਾਹ ਜੀ ਨੇ ਇਕ ਗੁੰਗੇ ਬਹਿਰੇ ਛੱਜੂ ਪਾਸੋਂ ਆਪਣੀ ਦਿੱਬ ਦ੍ਰਿਸ਼ਟੀ ਨਾਲ ਗੀਤਾ ਦੇ ਅਰਥ ਕਰਵਾਏ ਸਨ। ਕੋਰਸ ਪਾਸ ਕਰਨ ਉਪਰੰਤ ਵਿਦਾਇਗੀ ਸਮੇਂ ਮੈਂ ਇਹੋ ਕਹਿ ਸਕਿਆ ਕਿ ਦੋ ਸਾਲ ਪਹਿਲਾਂ ਜਦ ਅਸੀਂ ਇਥੇ ਆਏ ਸੀ ਤਾਂ ਸਾਰੇ ਛੱਜੂ ਵਰਗੇ ਈ ਸੀ। ਅੱਜ ਭਾਈ ਵੀਰ ਸਿੰਘ ਗੁਰਮਤਿ ਵਿਦਿਆਲੇ ਦੀ ਦੇਣ ਹੈ ਕਿ ਕੋਈ ਕੀਰਤਨ ਕਰ ਰਿਹਾ, ਕੋਈ ਕਥਾ, ਲੈਕਚਰ ਕਰ ਰਿਹਾ ਅਤੇ ਢੇਰਾਂ ਦੇ ਢੇਰ ਲਾਇਬ੍ਰੇਰੀ 'ਚ ਪੁਸਤਕਾਂ ਪੜ੍ਹੀਆਂ। ਇਸ ਤੋਂ ਵੱਡੀ ਦੇਣ ਜਾਂ ਕਿਰਪਾ ਕਿਸੇ ਸੰਸਥਾ ਦੀ ਹੋਰ ਕੀ ਹੋ ਸਕਦੀ ਹੈ? ਕੋਈ ਅਕ੍ਰਿਤਘਣਤਾ ਕਰ ਜਾਏ ਤਾਂ ਵੱਖਰੀ ਗੱਲ ਹੈ।

ਅੱਜ ਇਸ ਵਿਦਿਆਲੇ ਨੂੰ ਸਥਾਪਤ ਹੋਇਆਂ ਪੰਜ ਦਹਾਕੇ ਹੋਣ ਵਾਲੇ ਹਨ। ਇਥੋਂ ਦੇ ਮਿਹਨਤੀ ਸਟਾਫ਼ ਤੇ ਪ੍ਰਬੰਧਕਾਂ ਨੇ ਸਾਡੇ ਵਰਗੇ ਅਨੇਕਾਂ ਨੂੰ ਵਿਰਸੇ ਤੇ ਵਿਰਾਸਤ ਦਾ ਗਿਆਨ ਦਿੱਤਾ ਹੀ ਨਹੀਂ, ਅੱਗੋਂ ਪ੍ਰਚਾਰਨ ਵਾਲੇ ਬਣਾ ਦਿੱਤੇ ਹਨ। ਇਹ ਕਾਰਜ ਸ਼ੁਰੂਆਤੀ ਕਾਲ ਤੋਂ ਲੈ ਕੇ ਵਰਤਮਾਨ ਤੱਕ ਨਿਯਮਤ ਵਿਧੀ ਵਿਧਾਨ ਅਨੁਸਾਰ ਚੱਲ ਰਿਹਾ ਹੈ।

ਭਾਈ ਵੀਰ ਸਿੰਘ ਗੁਰਮਤਿ ਕਾਲਜ ਵਿਚ ਹਰ ਸਾਲ ਹੀ ਨਵੇਂ ਵਿਦਿਆਰਥੀਆਂ ਦੀ ਭਰਤੀ ਕੀਤੀ ਜਾਂਦੀ ਹੈ। ਇਹ ਨਵੇਂ-ਪੁਰਾਣੇ ਸਭ ਆਪਸੀ ਸਹਿਯੋਗ ਨਾਲ ਇਕ ਦੂਜੇ ਤੋਂ ਵੀ ਬਹੁਤ ਕੁਝ ਸਿੱਖਦੇ ਹਨ। ਸਭਨਾਂ ਲਈ ਹੋਸਟਲ ਵਿਚ ਰਹਿਣਾ ਜ਼ਰੂਰੀ ਹੈ। ਇਸ ਸਮੇਂ 40 ਦੇ ਕਰੀਬ ਵਿਦਿਆਰਥੀ ਹੋਸਟਲ ਵਿਚ ਰਹਿ ਰਹੇ ਹਨ। ਸਭਨਾਂ ਦੀ ਰਿਹਾਇਸ਼, ਰੋਟੀ, ਵਿੱਦਿਆ ਭੇਟਾ ਰਹਿਤ ਹੈ।

ਪ੍ਰਬੰਧਕੀ ਨਜ਼ਰੀਏ ਤੋਂ ਵਿਦਿਆਲੇ ਦੇ ਪਹਿਲੇ ਪ੍ਰਿੰਸੀਪਲ ਸ੍ਰ. ਜਸਵੰਤ ਸਿੰਘ ਜੀ ਨੇ 1978 ਤੋਂ 1982 ਤੱਕ ਸੇਵਾ ਨਿਭਾਈ।

ਉਪਰੰਤ ਪ੍ਰਿੰਸੀਪਲ ਡਾ. ਸ਼ਮਸ਼ੇਰ ਸਿੰਘ ਜੀ 1982 ਤੋਂ 1990 ਤੱਕ ਕਾਰਜਸ਼ੀਲ ਰਹੇ। ਇਨ੍ਹਾਂ ਤੋਂ ਬਾਅਦ ਪ੍ਰਿੰਸੀਪਲ ਅਮਰਜੀਤ ਕੌਰ ਜੀ ਨੇ 1990 ਤੋਂ 1992 ਤੱਕ ਸੇਵਾ ਨਿਭਾਈ। ਉਪਰੰਤ ਸ੍ਰ. ਪ੍ਰਕਾਸ਼ ਸਿੰਘ ਜੀ 1992 ਤੋਂ 2000 ਤੱਕ ਸੇਵਾ ਨਿਭਾਉਂਦੇ ਰਹੇ। ਸੰਨ 2000 ਤੋਂ ਡਾ. ਜਸਵਿੰਦਰ ਕੌਰ ਮਾਹਲ (ਐਮ.ਏ. ਧਰਮ ਅਧਿਐਨ, ਪੰਜਾਬੀ, ਪੋਲ ਸਾਇੰਸ, ਪੀਐਚ.ਡੀ ਬਤੌਰ ਪ੍ਰਿੰਸੀਪਲ ਕਾਰਜਸ਼ੀਲ ਹਨ। ਬਾਕੀ ਸਟਾਫ਼ ਵਿਚ ਪ੍ਰੋ. ਰਵਿੰਦਰ ਸਿੰਘ (ਐਮ.ਏ. ਧਰਮ ਅਧਿਐਨ, ਪੰਜਾਬੀ, ਐਮ.ਫਿਲ), ਪ੍ਰੋ. ਮਨਿੰਦਰ ਕੌਰ (ਐਮ.ਏ. ਧਰਮ ਅਧਿਐਨ, ਪੰਜਾਬੀ, ਐਮ.ਫਿਲ) ਇਹ ਪ੍ਰਚਾਰਕ ਕਲਾਸ ਦੀਆਂ ਕਲਾਸਾਂ ਲੈਂਦੇ ਹਨ। ਇਨ੍ਹਾਂ ਤੋਂ ਇਲਾਵਾ ਸੰਗੀਤ/ਤਬਲੇ ਦੀਆਂ ਕਲਾਸਾਂ ਲਈ ਸ੍ਰ. ਰਜਿੰਦਰ ਸਿੰਘ, ਸ੍ਰ. ਹਰਭਜਨ ਸਿੰਘ ਤੇ ਸ੍ਰ. ਚਰਨਜੀਤ ਸਿੰਘ ਜੀ ਸੇਵਾ ਨਿਭਾਅ ਰਹੇ ਹਨ। ਇਥੇ ਸ਼ਾਨਦਾਰ ਸ਼ਹੀਦ ਊਧਮ ਸਿੰਘ ਲਾਇਬ੍ਰੇਰੀ ਹੈ।

ਇਸ ਤੋਂ ਇਲਾਵਾ ਹੁਣ ਤੱਕ ਗੁਰਮਤਿ ਵਿਦਿਆਲੇ ਵਿਚ ਸੇਵਾ ਨਿਭਾਉਣ ਵਾਲੇ ਹੋਰ ਵੀ ਅਨੇਕਾਂ ਸ਼ਖ਼ਸ ਹਨ, ਜਿਵੇਂ ਬੇਦੀ ਲਾਲ ਸਿੰਘ ਸਾਹਿਤਕਾਰ, ਡਾ. ਦਵਿੰਦਰ ਸਿੰਘ ਵਿਦਿਆਰਥੀ, ਪ੍ਰੋ. ਹਰੀ ਸਿੰਘ ਜੀ, ਸ੍ਰ. ਵਰਿਆਮ ਸਿੰਘ ਜੀ, ਸ੍ਰ. ਅਨੂਪ ਸਿੰਘ ਜੀ, ਡਾ. ਰੂਪ ਸਿੰਘ ਜੀ, ਡਾ. ਚਮਕੌਰ ਸਿੰਘ ਜੀ, ਸ੍ਰ. ਕਰਮਜੀਤ ਸਿੰਘ, ਸ੍ਰ. ਸੁਖਦੇਵ ਸਿੰਘ ਜੀ, ਸਵ: ਪ੍ਰੋ. ਨਰਿੰਦਰਜੀਤ ਸਿੰਘ ਜੀ, ਸਵ: ਪ੍ਰੋ. ਦਲਜੀਤ ਸਿੰਘ ਜੀ, ਡਾ. ਹਰਭਜਨ ਸਿੰਘ ਸੇਖੋਂ, ਡਾ. ਕਵਲਜੀਤ ਸਿੰਘ ਅਤੇ ਸੰਗੀਤ ਲਈ ਸਵ: ਪ੍ਰੋ. ਪ੍ਰੀਤਮ ਸਿੰਘ ਜ਼ਖ਼ਮੀ, ਸਵ: ਸ੍ਰ. ਮਹਿੰਗਾ ਸਿੰਘ ਜੀ, ਸਵ: ਸ੍ਰ. ਹਰਨਾਮ ਸਿੰਘ ਜੋਗੀ ਆਦਿ ਸ਼ਖ਼ਸੀਅਤਾਂ ਨੇ ਇਥੋਂ ਦੇ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ।

ਇਥੇ ਸਮੇਂ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ ’ਤੇ ਕੌਮੀ ਖੇਤਰ ਵਿਚ ਕਾਰਜਸ਼ੀਲ ਸ਼ਖ਼ਸੀਅਤਾਂ ਨੂੰ ਬਾਹਰੋਂ ਬੁਲਵਾਉਣ ਦਾ ਵਿਧਾਨ ਹੈ। ਇਨ੍ਹਾਂ ਵਿਚ ਪ੍ਰਿੰ: ਨਰਿੰਦਰ ਸਿੰਘ ਸੋਚ, ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ, ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਵੇਦਾਂਤੀ, ਸਿੰਘ ਸਾਹਿਬ ਗਿ: ਜਗਤਾਰ ਸਿੰਘ ਜੀ, ਡਾ: ਸਾਧੂ ਸਿੰਘ ਹਮਦਰਦ, ਗਿ: ਸੰਤ ਸਿੰਘ ਮਸਕੀਨ, ਗਿ: ਪਿੰਦਰਪਾਲ ਸਿੰਘ, ਡਾ. ਬਲਕਾਰ ਸਿੰਘ, ਡਾ. ਬਿਕਰਮਜੀਤ ਸਿੰਘ, ਪ੍ਰਿੰ. ਲਾਭ ਸਿੰਘ, ਪ੍ਰਿੰ. ਹਰਭਜਨ ਸਿੰਘ, ਪ੍ਰੋ. ਸਵਰਨਜੀਤ ਸਿੰਘ, ਪ੍ਰੋ. ਤਰਨਜੀਤ ਸਿੰਘ, ਸ੍ਰ. ਭਾਨ ਸਿੰਘ ਜੀ, ਸ੍ਰ. ਤਰਲੋਚਨ ਸਿੰਘ, ਪ੍ਰੋ. ਜਗਦੀਸ਼ ਸਿੰਘ, ਡਾ. ਜਸਬੀਰ ਸਿੰਘ ਸਾਬਰ, ਡਾ. ਸੂਬਾ ਸਿੰਘ ਜੀ, ਸ੍ਰ. ਹਰਪਾਲ ਸਿੰਘ ਆਦਿ ਹਾਜ਼ਰੀ ਭਰਦੇ ਰਹੇ ਹਨ। ਇਸੇ ਤਰ੍ਹਾਂ ਸੰਗੀਤ ਉਸਤਾਦਾਂ ਵਿਚੋਂ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ, ਭਾਈ ਨਿਰਮਲ ਸਿੰਘ ਜੀ ਖ਼ਾਲਸਾ, ਭਾਈ ਸਰਬਜੀਤ ਸਿੰਘ ਲਾਡੀ, ਪ੍ਰੋ. ਸੁਰਿੰਦਰ ਸਿੰਘ ਯੂ.ਕੇ, ਡਾ. ਸ਼ੇਰ ਸਿੰਘ ਜੀ ਯੂ.ਐਸ.ਏ., ਭਾਈ ਨਰਿੰਦਰ ਸਿੰਘ ਬਨਾਰਸ, ਭਾਈ ਬਲਦੇਵ ਸਿੰਘ ਵਡਾਲਾ, ਡਾ. ਆਸਾ ਸਿੰਘ ਜੀ, ਭਾਈ ਨਰਿੰਦਰ ਸਿੰਘ ਹਜ਼ੂਰੀ ਰਾਗੀ, ਭਾਈ ਹਰੀ ਸਿੰਘ ਜੀ, ਸ੍ਰ. ਅਵਤਾਰ ਸਿੰਘ ਨਾਜ਼, ਭਾਈ ਰਵੇਲ ਸਿੰਘ ਜੀ ਆਦਿ ਸਮੇਂ ਸਮੇਂ ਸੰਬੋਧਨ ਕਰਦੇ ਰਹੇ ਹਨ।

ਬੀਤੇ 38 ਸਾਲਾਂ ਤੋਂ ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ/ਕਾਲਜ ਆਪਣੀਆਂ ਮਹਾਨ ਪਰੰਪਰਾਵਾਂ ਨੂੰ ਕਾਇਮ ਰੱਖਦਾ ਹੋਇਆ ਕਾਰਜਸ਼ੀਲ ਹੈ। ਬੀਤੇ 3 ਕੁ ਸਾਲਾਂ ਤੋਂ ਸ਼੍ਰੋਮਣੀ ਰਾਗੀ ਸਭਾ ਦੇ ਸਹਿਯੋਗ ਨਾਲ ਇਸ ਸੰਸਥਾ ਵਲੋਂ ਗੁਰਮਤਿ ਦੇ ਵਿਦਵਾਨਾਂ, ਰਾਗੀਆਂ ਤੇ ਪ੍ਰਚਾਰਕਾਂ ਦਾ ਵਿਸ਼ੇਸ਼ ਸਨਮਾਨ ਕਰਨ ਲਈ ਵੀ ਸਾਲਾਨਾ ਸਮਾਗਮ ਕੀਤਾ ਜਾਂਦਾ ਹੈ, ਜੋ ਇਕ ਚੰਗੀ ਸ਼ੁਰੂਆਤ ਹੈ।

ਭਾਈ ਵੀਰ ਸਿੰਘ ਗੁਰਮਤਿ ਕਾਲਜ– ਗੁਰੂ ਪੰਥ ਦੀ ਉਚ ਦੁਮਾਲੜੀ ਸ਼ਖ਼ਸੀਅਤ ਭਾਈ ਵੀਰ ਸਿੰਘ ਜੀ ਦੀ ਕੌਮ ਨੂੰ ਮਹਾਨ ਦੇਣ ਦਾ ਸਤਿਕਾਰ ਹੈ। ਇਸ ਸੰਸਥਾ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਫ਼ਖਰਯੋਗ ਹੈ। ਭਵਿੱਖ ਵਿਚ ਵੀ ਇਥੋਂ ਦੇ ਭਲੇ ਪ੍ਰਬੰਧਕ, ਮਿਹਨਤੀ ਸਟਾਫ਼ ਤੇ ਵਿਦਿਆਰਥੀ ਇਥੋਂ ਦੀ ਮਰਯਾਦਾ ਤੇ ਪਰੰਪਰਾਵਾਂ ਨੂੰ ਬਰਕਰਾਰ ਰੱਖਣਗੇ, ਇਹ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ। ਇਸ ਸਮੇਂ ਆਸ਼ਰਮ ਦੇ ਮੈਂਬਰ ਇੰਚਾਰਜ ਸ੍ਰ. ਸਰਬਜੀਤ ਸਿੰਘ ਜੀ, ਮੈਡਮ ਕਿਰਨਜੋਤ ਕੌਰ ਜੀ ਅਤੇ ਡਾ. ਸੁਰਿੰਦਰਪਾਲ ਕੌਰ ਢਿੱਲੋਂ ਬਤੌਰ ਪ੍ਰਬੰਧਕ ਸੇਵਾਵਾਂ ਨਿਭਾਅ ਰਹੇ ਹਨ। ਚੀਫ਼ ਖ਼ਾਲਸਾ ਦੀਵਾਨ ਦੀਆਂ ਬਾਕੀ ਸੇਵਾਵਾਂ ਵਾਂਗ ਭਾਈ ਵੀਰ ਸਿੰਘ ਗੁਰਮਤਿ ਕਾਲਜ ਇੱਕ ਵੱਡੀ ਪ੍ਰਾਪਤੀ ਤੇ ਮਹਾਨ ਕੌਮੀ ਸੰਸਥਾ ਹੈ, ਜੋ ਸਨਮਾਨਯੋਗ ਹੈ।

## ਪ੍ਰੀਤਮ ਛੁਹ

ਤੁਸਾਂ ਤੋੜਿਆ ਅਸੀਂ ਟੁਟ ਪਏ
ਵਿਛੁੜ ਗਏ ਸਾਂ ਡਾਲੋਂ,
ਤੁਸਾਂ ਸੁੰਘ ਸੀਨੇ ਲਾ ਸਟਿਆ
ਵਿਛੁੜ ਗਏ ਤੁਸਾਂ ਨਾਲੋਂ,

ਪੈਰਾਂ ਹੇਠ ਲਿਤਾੜ ਲੰਘਾਊਆਂ
ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ ‘ਛੁਹ ਤੁਹਾਡੀ’ ਦਾ
ਅਜੇ ਨ ਭੁਲਦਾ ਸਾਨੋਂ।

# ਭਾਈ ਵੀਰ ਸਿੰਘ ਬਿਰਧ ਘਰ ਤਰਨ ਤਾਰਨ

***ਡਾ. ਰੁਪਿੰਦਰ ਕੌਰ****

ਬਿਰਧ ਘਰ ਅਜੋਕੇ ਸਮਾਜ ਦੀ ਮਹੱਤਵਪੂਰਨ ਇਕਾਈ ਹੈ। ਮੰਡੀਕਰਣ ਦੇ ਯੁੱਗ ਵਿਚਲੀ ਰਿਸ਼ਤਿਆਂ ਦੀ ਟੁੱਟ ਭੱਜ ਨੇ ਸਾਡੇ ਸਾਕਾਦਾਰੀ ਸਿਸਟਮ ਦੇ ਮੁੱਲ ਵਿਧਾਨ ਵਿਚ ਕਈ ਵਿਗਾੜ ਪੈਦਾ ਕਰ ਦਿੱਤੇ ਹਨ। ਇਹਨਾਂ ਵਿਗਾੜਾਂ ਕਾਰਨ ਸਾਡਾ ਰਿਸ਼ਤਿਆਂ ਪ੍ਰਤੀ ਮੋਹ ਭੰਗ ਹੋ ਰਿਹਾ ਹੈ। ਸਾਡੀ ਪਰਿਵਾਰਕ ਜ਼ਿੰਮੇਵਾਰੀਆਂ ਪ੍ਰਤੀ ਬੇਰੁੱਖੀ ਨੇ ਸਾਕਾਦਾਰੀ ਸਿਸਟਮ ਦੀ ਸਭ ਤੋਂ ਬਜ਼ੁਰਗ ਪੀੜ੍ਹੀ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਅਜੋਕੇ ਸਮੇਂ ਵਿਚ ਬੁਢਾਪਾ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਾਪ ਮਹਿਸੂਸ ਹੋ ਰਿਹਾ ਹੈ। ਸੰਯੁਕਤ ਪਰਿਵਾਰਾਂ ਤੋਂ ਇਕਹਿਰੇ, ਅਤੇ ਇਕਹਿਰੇ ਪਰਿਵਾਰਾਂ ਤੋਂ ਨਿਊਕਲੀਅਰ ਪਰਿਵਾਰ ਦਾ ਸਫ਼ਰ ਵੀ ਇਸ ਤ੍ਰਾਸਦੀ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਸਮਾਜ ਦੀ ਸਭ ਤੋਂ ਵੱਧ ਸਤਿਕਾਰ ਪ੍ਰਾਪਤ ਕਰਨ ਵਾਲੀ ਬਜ਼ੁਰਗ ਪੀੜ੍ਹੀ ਅਜੋਕੀ ਪੀੜ੍ਹੀ ਦੁਆਰਾ ਅਣਗੌਲੀ ਕੀਤੀ ਜਾ ਰਹੀ ਹੈ। ਪਰਿਵਾਰ ਦਾ ਸੰਚਾਲਨ ਕਰਨ ਵਾਲੀ ਅਤੇ ਸਹੀ ਸੇਧ ਦੇਣ ਵਾਲੀ ਇਹ ਪੀੜ੍ਹੀ ਜਾਂ ਤਾਂ ਆਪਣੇ ਘਰ ਵਿਚ ਬੇਗਾਨਗੀ, ਇਕੱਲੇਪਣ, ਅਤੇ ਅਜਨਬੀਪਣ ਦਾ ਦੁਖਾਂਤ ਭੋਗ ਰਹੀ ਹੈ ਜਾਂ ਫਿਰ ਪਦਾਰਥਕ ਹਵਸ ਦੀ ਸ਼ਿਕਾਰ ਨਵੀਂ ਪੀੜ੍ਹੀ ਨੇ ਆਪਣੀ ਖੁਦਗਰਜ਼ੀ ਅਤੇ ਸਮਾਜਕ ਪੱਧਰ ਦਾ ਦੰਭ ਰਚਾਉਂਦੇ ਹੋਏ ਇਸਨੂੰ ਘਰੋਂ ਬੇਘਰ ਕਰ ਦਿੱਤਾ ਹੈ। ਇਹਨਾਂ ਬੇਘਰਿਆਂ ਨੂੰ ਮਾਣਯੋਗ ਰੁੱਤਬਾ ਅਤੇ ਸਤਿਕਾਰ ਪ੍ਰਦਾਨ ਕਰਨ ਲਈ ਕਈ ਸਮਾਜਕ ਧਾਰਮਿਕ ਅਤੇ ਸਭਿਆਚਾਰਕ ਸੰਸਥਾਵਾਂ ਯਤਨਸ਼ੀਲ ਹਨ। ਇਹਨਾਂ ਬਜ਼ੁਰਗਾਂ ਨੂੰ ਸਮਾਜਕ ਹੋਂਦ ਪ੍ਰਦਾਨ ਕਰਨ ਲਈ ਗੁਰਮਤਿ ਫਿਲਾਸਫੀ ਦਾ ਸਰਬੱਤ ਦੇ ਭਲੇ ਵਾਲਾ ਸਿਧਾਂਤ ਵੀ ਮਾਰਗ ਦਰਸ਼ਨ ਕਰਦਾ ਹੈ।

ਗੁਰਮਤਿ ਵਿਚਾਰਧਾਰਾ ਦੇ ਸਿਧਾਂਤ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਭਾਈ ਵੀਰ ਸਿੰਘ ਜੀ ਨੇ 1957 ਵਿਚ ਬਿਰਧ ਘਰ ਖੋਹਲਣ ਦਾ ਸੁਪਨਾ ਲਿਆ। ਇਹ ਸੁਪਨਾ ਤਰਨ ਤਾਰਨ ਸ਼ਹਿਰ ਦੇ ਵਿਚ ਸਥਿਤ ਭਾਈ ਵੀਰ ਸਿੰਘ ਬਿਰਧ ਘਰ ਦੇ ਰਾਹੀਂ ਅਮਲੀ ਰੂਪ ਵਿਚ ਸਾਕਾਰ ਵੀ ਹੋਇਆ। ਬਿਰਧ ਘਰ ਦਾ ਸੁਪਨਾ ਯਥਾਰਥ ਰੂਪ ਵਿਚ ਸਫ਼ਰ ਤੈਅ ਕਰਨ ਲਈ ਇਕ ਲੰਮੇ ਇਤਿਹਾਸਕ ਪੜਾਅ ਵਿਚੋਂ ਗੁਜ਼ਰਦਾ ਹੈ।

ਨੈਤਿਕ ਕਦਰਾਂ ਕੀਮਤਾਂ ਵਿਚ ਆ ਰਹੀ ਗਿਰਾਵਟ ਕਾਰਨ ਭਾਈ ਵੀਰ ਸਿੰਘ ਦੀ ਦਿੱਬ-ਦ੍ਰਿਸ਼ਟੀ ਨੇ ਬਿਰਧ ਪੀੜ੍ਹੀ ਦਾ ਭਵਿੱਖ ਸੰਕਟ ਵਿਚ ਮਹਿਸੂਸ ਕੀਤਾ। ਇਸ ਤ੍ਰਾਸਦੀ ਦੇ ਹੱਲ ਲਈ ਉਹਨਾਂ ਨੇ 1957 ਈ: ਵਿਚ ਮਾਸੂਰੀ ਦੀਆਂ ਪਹਾੜੀਆਂ 'ਤੇ ਵਿਚਰਦਿਆਂ ਆਪਣੇ ਸਾਥੀਆਂ ਅਤੇ ਅਨੁਯਾਈਆਂ ਨਾਲ ਬਿਰਧ ਘਰ ਖੋਹਲਣ ਦਾ ਵਿਚਾਰ ਪ੍ਰਗਟਾਇਆ। ਇਸ ਵਿਚਾਰ ਦੇ ਸਨਮਾਨ ਦੀ ਪੂਰਤੀ ਲਈ ਸ੍ਰ. ਹਰਭਜਨ ਸਿੰਘ ਕੋਹਲੀ ਵੀ.ਕੇ. ਵੀਕਲੀ ਬੰਬਈ ਵਾਲੇ ਨੇ ਪੂਰੀ ਈਮਾਨਦਾਰੀ ਨਾਲ ਸਮਰਥਨ ਦਿੱਤਾ ਅਤੇ ਇਸਨੂੰ ਅਮਲੀ ਰੂਪ ਵਿਚ ਲਿਆਉਣ ਲਈ ਬਹੁਤ ਰੋਲ ਅਦਾ ਕੀਤਾ।

ਗੁਰਮਤਿ ਮਰਯਾਦਾ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਅਤੇ ਗੁਰਮਤਿ ਵਿਚਾਰਧਾਰਾ ਦੇ ਧਾਰਨੀ ਸ੍ਰ. ਹਰਿਭਜਨ ਸਿੰਘ ਕੋਹਲੀ ਬਿਰਧ ਘਰ ਖੋਹਲਣ ਵਾਲੇ ਮੋਢੀਆਂ ਵਿਚੋਂ ਸਨ। ਆਪ ਨੇ 1957 ਈ: ਵਿਚ ਹੀ ਆਪਣੇ ਪਿਤਾ ਸ੍ਰ. ਪਿਆਰਾ ਸਿੰਘ ਕੋਹਲੀ ਤੋਂ ਤਿੰਨ ਲੱਖ ਰੁਪਏ ਪ੍ਰਾਪਤ ਕਰਕੇ ਇਸ ਸ਼ੁਭ ਕਾਰਜ ਦਾ ਅਗਾਜ਼ ਸ਼ੁਰੂ ਕਰ ਦਿੱਤਾ। ਬੰਬਈ ਦੀ ਸੰਗਤ ਉਪਰ ਆਪ ਦਾ ਡੂੰਘਾ ਪ੍ਰਭਾਵ ਸੀ। ਇਸ ਲਈ ਬੰਬਈ ਦੀ ਸ਼ਰਧਾਲੂ ਸੰਗਤ ਨੇ ਇਸ ਪਾਕ ਤੇ ਮੁਕਦੱਸ ਕਾਰਜ ਲਈ ਸਹਾਇਤਾ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ। ਇਸ ਕਾਰਜ ਲਈ ਸ੍ਰੀ ਟੀ.ਐਸ. ਅਰੋੜਾ ਬੰਬਈ ਵਾਲੇ ਤੇ ਹੋਰ ਪ੍ਰੇਮੀ ਇਸ ਬਿਰਧ ਘਰ ਦੀ ਸਥਾਪਨਾ ਤੋਂ ਇਲਾਵਾ ਇਸਦੇ ਸੰਚਾਲਨ ਲਈ ਆਰਥਿਕ ਪੱਖ ਤੋਂ ਯੋਗਦਾਨ ਪਾ ਰਹੇ ਹਨ।

ਭਾਈ ਵੀਰ ਸਿੰਘ ਚੀਫ਼ ਖ਼ਾਲਸਾ ਦੀਵਾਨ ਦੇ ਮੋਢੀਆਂ ਵਿਚੋਂ ਸਨ। ਸ੍ਰ. ਸੁੰਦਰ ਸਿੰਘ ਮਜੀਠੀਆ, ਸ੍ਰ. ਤਰਲੋਚਨ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਾਲੇ ਤੇ ਹੋਰ ਸਭ ਮੈਂਬਰ ਭਾਈ ਸਾਹਿਬ ਦੀ ਸਖ਼ਸ਼ੀਅਤ ਤੇ ਉਹਨਾਂ ਦੇ ਵਿਚਾਰਾਂ ਤੋਂ ਨਾ ਸਿਰਫ਼ ਪ੍ਰਭਾਵਿਤ ਸਨ ਸਗੋਂ ਉਹਨਾਂ ਦੇ ਵਚਨਾਂ ਦਾ ਪੂਰਾ ਸਤਿਕਾਰ ਵੀ ਕਰਦੇ ਸਨ। ਸ੍ਰ. ਹਰਿਭਜਨ ਸਿੰਘ ਬੰਬਈ ਤੋਂ ਆਕੇ ਅੰਮ੍ਰਿਤਸਰ ਰਹਿਣ ਲੱਗੇ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਬਣ ਗਏ। ਆਪ ਹਰ ਰੋਜ਼ ਚੀਫ਼ ਖ਼ਾਲਸਾ ਦੀਵਾਨ ਆਉਂਦੇ ਅਤੇ ਸ੍ਰ. ਸੰਤ ਸਿੰਘ ਸਕੱਤਰ ਚੀਫ਼ ਖ਼ਾਲਸਾ ਦੀਵਾਨ ਨਾਲ ਬਿਰਧ ਘਰ ਖੋਹਲਣ ਲਈ ਵਿਚਾਰ ਕਰਨ ਲੱਗੇ। ਅਖ਼ੀਰ ਬਿਰਧ ਘਰ ਸਥਾਪਿਤ ਕਰਨ ਦੀ ਯੋਜਨਾ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸੂਚੀ ਵਿਚ ਸ਼ਾਮਿਲ ਹੋ ਗਈ। ਇਸਤਰ੍ਹਾਂ 1959 ਵਿਚ ਸ. ਹਰਭਜਨ ਸਿੰਘ ਅਤੇ ਸ. ਸੰਤ ਸਿੰਘ ਦੇ ਅਣਥੱਕ ਯਤਨਾਂ ਤੋਂ ਬਾਅਦ 1959 ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਤਰਨ ਤਾਰਨ ਬਿਰਧ ਘਰ ਖੋਹਲਣ ਦਾ ਫੈਸਲਾ ਲੈ ਲਿਆ।

ਭਾਈ ਵੀਰ ਸਿੰਘ ਦਾ ਇਹ ਸੁਪਨਾ ਉਸ ਸਮੇਂ ਹਕੀਕਤ ਦਾ ਰੂਪ ਧਾਰਨ ਕਰ ਗਿਆ ਜਦੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ

* ਪ੍ਰੋਫੈਸਰ ਪੰਜਾਬੀ ਵਿਭਾਗ, ਸਰੂਪਰਾਣੀ ਸਰਕਾਰੀ ਕਾਲਜ (ਲੜਕੀਆਂ) ਅੰਮ੍ਰਿਤਸਰ।

ਅਰਜਨ ਦੇਵ ਜੀ ਦੁਆਰਾ ਵਸਾਏ ਨਗਰ ਤਰਨ ਤਾਰਨ ਵਿਚ ਤਿੰਨ ਲੋੜਵੰਦ ਬਜ਼ੁਰਗਾਂ ਦੀ ਸੇਵਾ ਦਾ ਕਾਰਜ ਸ਼ੁਰੂ ਹੋ ਗਿਆ। ਇਸ ਤਰ੍ਹਾਂ ਇਸ ਪਰਿਵਾਰ ਰੂਪੀ ਸੰਸਥਾ ਰਾਹੀਂ ਬਜ਼ੁਰਗਾਂ ਨੂੰ ਭਾਈ ਵੀਰ ਸਿੰਘ ਬਿਰਧ ਘਰ ਮਿਲ ਗਿਆ। ਅੱਜ ਇਸ ਸੰਸਥਾ ਵਿਚ ਸੌ ਤੋਂ ਉਪਰ ਬਿਰਧ ਰਹਿ ਰਹੇ ਹਨ। ਪਹਿਲੇ ਤਿੰਨ ਸਾਲ ਕੇਵਲ ਤਿੰਨਾਂ ਬਿਰਧਾਂ ਗਿਆਨੀ ਈਸ਼ਰ ਸਿੰਘ, ਮਾਸਟਰ ਕੇਸਰ ਸਿੰਘ ਅਤੇ ਬਾਬਾ ਗੰਡਾ ਸਿੰਘ ਦੀ ਸੇਵਾ ਸੰਭਾਲ ਹੁੰਦੀ ਰਹੀ ਅਤੇ ਸ. ਹਰਭਜਨ ਸਿੰਘ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਨਾਲ ਹੀ ਖਰਚ ਚਲਦਾ ਰਿਹਾ। ਪਰ ਹੋਰ ਕੋਈ ਆਰਥਿਕ ਵਸੀਲਾ ਸ਼ੁਰੂ ਨਾ ਹੋ ਸਕਿਆ। ਆਰਥਿਕ ਸੰਕਟ ਕਾਰਨ ਤਿੰਨਾਂ ਬਿਰਧਾਂ ਨੂੰ ਕਈ ਵਾਰ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਵਿਚ ਭੇਜਣ ਸੰਬੰਧੀ ਵੀ ਵਿਚਾਰ ਵਟਾਂਦਰਾ ਹੁੰਦਾ ਰਿਹਾ। ਪਰੰਤੂ ਭਾਈ ਵੀਰ ਸਿੰਘ ਦੀ ਅੰਤਿਮ ਇੱਛਾ ਦੀ ਪੂਰਤੀ ਲਈ ਸ੍ਰ. ਸੰਤ ਸਿੰਘ ਨੇ ਕਈ ਉਪਰਾਲੇ ਕੀਤੇ ਅਤੇ ਇਸ ਸੰਸਥਾ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਰਹੇ। ਆਪ ਨੇ ਬਿਰਧ ਘਰ ਦੀ ਸੇਵਾ ਦੀ ਜ਼ਿੰਮੇਵਾਰੀ ਗਿਆਨੀ ਸੌਦਾਗਰ ਸਿੰਘ ਨੂੰ ਸੌਂਪ ਦਿੱਤੀ। ਗਿਆਨੀ ਸੌਦਾਗਰ ਸਿੰਘ ਨੇ ਬੇਦੀ ਗੁਰਬਚਨ ਸਿੰਘ ਅੰਡਰ ਸੈਕਟਰੀ ਚੀਫ਼ ਖ਼ਾਲਸਾ ਦੀਵਾਨ ਦੀ ਬਿਰਧ ਘਰ ਲਈ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਤੇ ਸ਼ੋਸਲ ਵੈਲਫੇਅਰ ਬੋਰਡ ਤੋਂ ਗਰਾਂਟਾਂ ਲੈਣ ਵਿਚ ਕਾਗਜ਼ੀ ਕਾਰਵਾਈ ਵਿਚ ਪੂਰੀ ਮਦਦ ਕੀਤੀ। ਇਸੇਤਰ੍ਹਾਂ 1962 ਵਿਚ ਰਿਟਾਇਰਡ ਅਸਿਸਟੈਂਟ ਕਮਿਸ਼ਨਰ ਇੰਨਕਮ ਟੈਕਸ ਰਾਮ ਪੀ ਸੈਨਾਨੀ ਬਿਰਧ ਘਰ ਵਿਚ ਆ ਗਏ। ਉਹਨਾਂ ਨੇ ਹੋਰ ਸਭਾ ਸੁਸਾਇਟੀਆਂ ਨਾਲ ਪੱਤਰ ਵਿਹਾਰ ਕਰਕੇ ਬਿਰਧ ਘਰ ਲਈ ਆਰਥਿਕ ਮਦਦ ਪ੍ਰਾਪਤ ਕਰਨ ਦੇ ਯਤਨ ਸ਼ੁਰੂ ਕੀਤੇ ਅਤੇ ਉਹਨਾਂ ਦੀ ਮਿਹਨਤ ਤੇ ਲਗਨ ਸਦਕਾ ਬਿਰਧ ਘਰ ਦਾ ਸਮਾਜ ਵਿਚ ਪ੍ਰਭਾਵ ਵੱਧਣ ਲੱਗਾ ਅਤੇ ਲੋਕ ਆਰਥਿਕ ਮਦਦ ਕਰਨ ਲੱਗੇ ਅਤੇ ਇਸਤਰ੍ਹਾਂ ਬਿਰਧ ਘਰ ਦੇ ਆਰਥਿਕ ਸੰਕਟ ਵਿਚੋਂ ਨਿਕਲਣ ਨਾਲ ਇਸਦਾ ਭਵਿੱਖ ਉਜਵਲਾ ਵਿਖਾਈ ਦੇਣ ਲੱਗਾ। ਵਰਤਮਾਨ ਸਮੇਂ ਵਿਚ ਇਹ ਬਿਰਧ ਘਰ ਸਰਕਾਰੀ ਫ਼ੰਡ ਦਾ ਮੁਥਾਜ ਨਹੀਂ ਸਗੋਂ ਇਹ ਚੀਫ਼ ਖ਼ਾਲਸਾ ਦੀਵਾਨ ਅਤੇ ਦਾਨੀ ਸੱਜਣਾਂ ਦੀ ਸਹਾਇਤਾ ਨਾਲ ਚੱਲ ਰਿਹਾ ਹੈ। ਇਸ ਬਿਰਧ ਘਰ ਦੇ ਕਾਰਣ ਚੀਫ਼ ਖ਼ਾਲਸਾ ਦੀਵਾਨ ਦਾ ਕੰਮ ਕਾਫ਼ੀ ਵੱਧ ਗਿਆ ਕਿਉਂਕਿ ਸ੍ਰ. ਸੰਤ ਸਿੰਘ ਆਨਰੇਰੀ ਸਕੱਤਰ ਤੇ ਹੋਰ ਮੈਂਬਰ ਇਸ ਦੀ ਸਾਂਭ ਸੰਭਾਲ ਲਈ ਰੋਜ਼ਾਨਾ ਤਰਨ-ਤਾਰਨ ਆਉਂਦੇ ਸਨ। ਪਰੰਤੂ 1967 ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਸ੍ਰ. ਸੁਖਬੀਰ ਸਿੰਘ ਵੈਦ ਸਪੁੱਤਰ ਭਾਈ ਮੋਹਨ ਸਿੰਘ ਵੈਦ ਨੂੰ ਪੱਤਰ ਲਿਖ ਕੇ ਤਰਨ ਤਾਰਨ ਵਿਖੇ ਚੀਫ਼ ਖ਼ਾਲਸਾ ਦੀਵਾਨ ਦੀ ਲੋਕਲ ਕਮੇਟੀ ਬਣਾ ਕੇ ਸੇਵਾ ਕਰਨ ਲਈ ਪ੍ਰੇਰਿਆ। ਇਸ ਲੋਕਲ ਕਮੇਟੀ ਦੇ ਉਪਰਾਲਿਆਂ ਸਦਕਾ ਇਹ ਬਿਰਧ ਘਰ ਉਨਤੀ ਦੇ ਸ਼ਿਖ਼ਰ ਉਪਰ ਪਹੁੰਚ ਗਿਆ। ਅਤੇ ਇਸਦਾ ਬਜ਼ਟ ਹਜ਼ਾਰਾਂ ਤੋਂ ਲੱਖਾਂ ਰੁਪਏ ਵਿਚ ਤਬਦੀਲ ਹੋ ਗਿਆ।

29000 ਸਕੇਅਰ ਫੁੱਟ ਵਿਚ ਫੈਲੀ ਸੰਸਥਾ ਦੀ ਇਹ ਇਮਾਰਤ ਤਰਨਤਾਰਨ ਦੇ ਬੱਸ ਸਟੈਂਡ ਦੇ ਬਿਲਕੁਲ ਨਜ਼ਦੀਕ ਹੈ। ਸ਼ਹਿਰ ਦੀ ਗਹਿਮਾ ਗਹਿਮੀ ਵਾਲੇ ਇਲਾਕੇ ਦੇ ਇਸ ਬਿਰਧ ਘਰ ਵਿਚ 80 ਦੇ ਕਰੀਬ ਕਮਰੇ ਹਨ। ਭਾਰਤੀ ਸਭਿਆਚਾਰਕ ਕਦਰਾਂ ਕੀਮਤਾਂ ਦੀ ਤਰਜ ਤੇ ਸਥਾਪਤ ਇਸ ਬਿਰਧ ਘਰ ਵਿਚ ਆਦਮੀਆਂ ਅਤੇ ਔਰਤਾਂ ਦੇ ਰਹਿਣ ਦਾ ਪ੍ਰਬੰਧ ਵੀ ਵੱਖਰਾ-ਵੱਖਰਾ ਹੈ। ਬਜ਼ੁਰਗਾਂ ਦੀ ਸਿਹਤ ਦੀ ਦੇਖਭਾਲ ਲਈ ਸੈਂਟਰਲ ਖ਼ਾਲਸਾ ਹਸਪਤਾਲ ਵੀ ਹੈ। ਜਿਥੇ ਇਹਨਾਂ ਬਜ਼ੁਰਗਾਂ ਨੂੰ ਸ਼ਹਿਰ ਦੇ ਮਸ਼ਹੂਰ ਡਾਕਟਰ ਆਪਣੀਆਂ ਆਨਰੇਰੀ ਸੇਵਾਵਾਂ ਦਿੰਦੇ ਹਨ ਉੱਥੇ ਸ਼ਹਿਰ ਦਾ ਆਰਥਿਕ ਪੱਖ ਤੋਂ ਕਮਜ਼ੋਰ ਵਰਗ ਵੀ ਇਸ ਹਸਪਤਾਲ ਤੋਂ ਆਪਣੀਆਂ ਸਿਹਤ ਸਹੂਲਤਾਂ ਵੀ ਪੂਰੇ ਵਿਸ਼ਵਾਸ ਨਾਲ ਪ੍ਰਾਪਤ ਕਰਦਾ ਹੈ। ਸੰਸਥਾ ਦੇ ਅੰਦਰ ਇਕ ਗੁਰਦੁਆਰਾ ਵੀ ਹੈ ਜਿਥੇ ਇਹ ਬਜ਼ੁਰਗ ਆਪਣੇ ਧਾਰਮਿਕ ਕਾਰਜ ਕਰਨ ਤੋਂ ਇਲਾਵਾ ਗੁਰਪੁਰਬ ਤੇ ਹੋਰ ਦਿਨ ਦਿਹਾਰ ਵੀ ਮਨਾਉਂਦੇ ਹਨ। ਆਪਣੇ ਵਿਛੜ ਚੁੱਕੇ ਸਾਥੀਆਂ ਦੀ ਆਤਮਿਕ ਰੂਹ ਦੀ ਸ਼ਾਂਤੀ ਲਈ ਅਖੰਡ ਪਾਠ ਦੇ ਭੋਗ ਪਾਉਂਦੇ ਹਨ। ਬਿਰਧਾਂ ਦੀ ਸਾਹਿਤਕ ਭੁੱਖ ਦੀ ਤ੍ਰਿਪਤੀ ਲਈ ਅਤੇ ਚੰਗਾ ਵਕਤ ਗੁਜ਼ਾਰਨ ਲਈ ਲਾਇਬਰੇਰੀ ਵੀ ਮੌਜੂਦ ਹੈ। ਇਸ ਤੋਂ ਇਲਾਵਾ ਕਮਿਊਨਟੀ ਹਾਲ ਵਿਚ ਇਨਡੋਰ ਖੇਡਾਂ ਦੇ ਪ੍ਰਬੰਧ ਤੋਂ ਇਲਾਵਾ ਬਜ਼ੁਰਗਾਂ ਦੇ ਮਨੋਰੰਜਨ ਲਈ ਟੀ.ਵੀ ਹੈ। ਬਜ਼ੁਰਗਾਂ ਦੇ ਰਿਸ਼ਤੇਦਾਰਾਂ ਅਤੇ ਦਾਨੀ ਸੱਜਣਾਂ ਦੇ ਰੈਣ ਬਸੇਰੇ ਲਈ ਅਧੁਨਿਕ ਸਹੂਲਤਾਂ ਵਾਲਾ ਗੈਸਟ ਹਾਊਸ ਵੀ ਹੈ।

ਆਧੁਨਿਕ ਪਦਾਰਥਕ ਸਹੂਲਤਾਂ ਤੋਂ ਇਲਾਵਾ ਅਪਣਤ, ਪਿਆਰ, ਮੁਹੱਬਤ ਕਾਰਨ ਇਹ ਬਿਰਧ ਘਰ ਬਜ਼ੁਰਗਾਂ ਲਈ ਹਮੇਸ਼ਾਂ ਖਿੱਚ ਦਾ ਕਾਰਨ ਰਿਹਾ ਹੈ। ਬਿਰਧ ਘਰ ਦੇ ਸੇਵਕਾਂ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਮਾਤਾ ਤੁਰੀ ਜੀ ਸਾਲੇਹਾਰ ਸ. ਸੁਜਾਨ ਸਿੰਘ ਸਡਾਨਾ ਰੈਜੀਡੈਂਟ ਪ੍ਰੈਜੀਡੈਂਟ ਚੀਫ਼ ਖ਼ਾਲਸਾ ਦੀਵਾਨ, ਮਾਤਾ ਧਰਮ ਕੌਰ ਢੋਟੀਆਂ ਵਾਲੇ ਜਿਹਨਾਂ ਨੇ ਗਮਾ ਗਮ ਗੁਰਦੁਆਰੇ ਦਾ ਨਿਰਮਾਣ ਕਰਵਾਇਆ, ਬਾਬਾ ਹਰਚਰਨ ਸਿੰਘ ਸੇਵਕ ਸੰਤ ਹਰਭਜਨ ਸਿੰਘ ਨੇ ਆਪਣੀ ਆਮਦ ਕੀਤੀ। ਬਿਰਧ ਘਰ ਦੇ ਬਜ਼ੁਰਗਾਂ ਨੇ ਇਸ ਸੰਸਥਾ ਨੂੰ ਆਪਣਾ ਪਰਿਵਾਰ ਸਮਝ ਕੇ ਇਸਦੀ ਉਨਤੀ ਲਈ ਵੀ ਸੇਵਾ ਦਾ ਕਾਰਜ ਕੀਤਾ।

ਮੰਡੀਕਰਣ ਦੇ ਇਸ ਯੁੱਗ ਵਿਚ ਜਦੋਂ ਹਰ ਵਿਅਕਤੀ ਸਵਾਰਥ, ਖ਼ੁਦਗਰਜ਼ੀ ਵਾਲਾ ਜੀਵਨ ਜੀ ਰਿਹਾ ਹੈ ਉੱਥੇ ਭਾਈ ਵੀਰ ਸਿੰਘ ਬਿਰਧ ਘਰ ਧਾਰਮਿਕ ਸੰਕੀਰਣਤਾ (ਫਿਰਕੂਵਾਦ) ਤੋਂ ਉਪਰ ਉਠਕੇ ਸਮਾਜ ਦੇ ਤ੍ਰਿਸਕਾਰੇ ਹੋਏ ਬਿਰਧਾਂ ਨੂੰ ਮਾਣ ਸਨਮਾਨ ਵਾਲੀ ਜ਼ਿੰਦਗੀ ਪ੍ਰਦਾਨ ਕਰ ਰਿਹਾ ਹੈ।

# ਸਿੱਖੀ ਪ੍ਰਚਾਰ ਦੇ ਪਰਿਪੇਖ ਵਿਚ : ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ

*ਅਮਨਪ੍ਰੀਤ ਸਿੰਘ**

ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਗੁਰੂ ਕਾਲ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਕਾਲ ਵਿਚ ਸਥਾਪਿਤ 22 ਮੰਜੀਆਂ ਅਤੇ 52 ਪੀੜ੍ਹੇ ਅਤੇ ਥਾਪੇ ਗਏ ਮਸੰਦ ਸਿੱਖ ਧਰਮ ਦੇ ਪ੍ਰਚਾਰ ਲਈ ਯਤਨਸ਼ੀਲ ਰਹੇ ਹਨ। ਇਸ ਦੇ ਨਾਲ-ਨਾਲ ਗੁਰਬਾਣੀ ਨੂੰ ਸਮਝਣ-ਸਮਝਾਉਣ ਲਈ ਵਿਆਖਿਆ ਪ੍ਰਣਾਲੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਵਿਚੋਂ ਗੁਰ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲ ਸੰਪ੍ਰਦਾਇ ਅਤੇ ਗਿਆਨੀ ਸੰਪ੍ਰਦਾਇ ਪ੍ਰਣਾਲੀ ਆਦਿ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਦੇ ਨਾਲ ਹੀ ਸਮੇਂ-ਸਮੇਂ ਤੇ ਹੋਏ ਕਵੀ ਜਨਾਂ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਗੁਰਬਾਣੀ ਪ੍ਰਚਾਰ ਦੇ ਕਾਰਜ ਨੂੰ ਜਾਰੀ ਰੱਖਿਆ ਹੈ; ਜਿਨ੍ਹਾਂ ਵਿਚੋਂ ਭਾਈ ਨੰਦ ਲਾਲ, ਸੈਨਾਪਤਿ, ਭਾਈ ਕੁਇਰ ਸਿੰਘ, ਭਾਈ ਚੌਪਾ ਸਿੰਘ, ਸਰੂਪ ਦਾਸ ਭੱਲਾ, ਭਾਈ ਸੰਤੋਖ ਸਿੰਘ ਆਦਿ ਸ਼ਾਮਿਲ ਹਨ। ਗੁਰੂ ਕਾਲ ਤੋਂ ਬਾਅਦ ਮੁਗਲਾਂ ਦੇ ਅੱਤਿਆਚਾਰੀ ਸਮੇਂ ਵਿਚ ਸਿੱਖ ਗੁਰਧਾਮਾਂ ਰੂਪੀ ਪ੍ਰਚਾਰ ਕੇਂਦਰਾਂ ਤੇ ਨਿਰਮਲੇ, ਉਦਾਸੀ ਅਤੇ ਗੁਲਾਬਦਾਸੀਆਂ ਦਾ ਕਬਜ਼ਾ ਹੋ ਗਿਆ। ਇਹ ਪ੍ਰਚਾਰਕ, ਵੇਦਾਂਤ ਤੇ ਹੋਰ ਗ੍ਰੰਥਾਂ ਦੇ ਭਰਪੂਰ ਗਿਆਤਾ ਸਨ, ਜਿਸ ਕਰਕੇ ਇਨ੍ਹਾਂ ਨੇ ਬ੍ਰਾਹਮਣੀ ਅੰਸ਼ਾਂ ਨੂੰ ਗੁਰਬਾਣੀ ਪ੍ਰਚਾਰ ਵਿਚ ਸਮੇਟ ਲਿਆ ਸੀ। ਇਸੇ ਤਰ੍ਹਾਂ ਸਿੱਖ ਰਾਜ ਤੋਂ ਬਾਅਦ ਪੰਜਾਬ ਵਿਚ ਈਸਾਈ ਮਿਸ਼ਨਰੀਆਂ ਤੇ ਆਰੀਆ ਸਮਾਜੀਆਂ ਨੇ ਆਪਣਾ ਪ੍ਰਚਾਰ ਤੇਜ ਕਰ ਦਿੱਤਾ। ਪੰਜਾਬੀ ਵਧੇਰੇ ਮਾਤਰਾ ਵਿਚ ਈਸਾਈ ਜਾਂ ਆਰੀਆ ਸਮਾਜੀ ਬਣਨ ਲੱਗੇ। ਨਿਰੋਲ ਸਿੱਖੀ ਪ੍ਰਚਾਰ ਉਕਾ ਹੀ ਬੰਦ ਹੋ ਗਿਆ ਸੀ। ਇਸ ਫ਼ਿਰਕੂਪੁਣੇ ਦੇ ਮਾਹੌਲ ਵਿਚ ਸਿੱਖੀ ਨੂੰ ਬਚਾਉਣ ਲਈ 1873 ਈ: ਵਿਚ 'ਸਿੰਘ ਸਭਾ ਲਹਿਰ' ਦਾ ਜਨਮ ਹੋਇਆ। ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਇਸ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ, ਸਿੱਖ ਲਿਖਤਾਂ ਨੂੰ ਸੰਭਾਲਣਾ ਤੇ ਪ੍ਰਕਾਸ਼ਿਤ ਕਰ ਕੇ ਸਿੱਖਾਂ ਤੱਕ ਪਹੁੰਚਾਉਣਾ, ਸਿੱਖੀ ਤੋਂ ਬੇ-ਮੁੱਖ ਹੋਇਆਂ ਨੂੰ ਮੁੜ ਸਿੱਖੀ ਵਿਚ ਲਿਆਉਣਾ ਸੀ। ਇਸ ਲਹਿਰ ਵਿਚ ਪੰਡਿਤ ਹਜ਼ਾਰਾ ਸਿੰਘ, ਗਿਆਨੀ ਦਿੱਤ ਸਿੰਘ, ਪ੍ਰੋ: ਗੁਰਮੁਖ ਸਿੰਘ, ਡਾ. ਚਰਨ ਸਿੰਘ, ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ ਆਦਿ ਪ੍ਰਮੁੱਖ ਸਨ। ਇਨ੍ਹਾਂ ਵਿਦਵਾਨਾਂ ਨੇ ਵੱਧ ਤੋਂ ਵੱਧ ਸਿੱਖ ਸਾਹਿਤ ਦੀ ਰਚਨਾ ਕਰ ਕੇ ਸਿੱਖੀ ਨੂੰ ਪ੍ਰਚਾਰਨ ਦਾ ਯਤਨ ਕੀਤਾ।

ਇਸੇ ਲਹਿਰ ਦੇ ਸੰਗੀ ਡਾ. ਭਾਈ ਵੀਰ ਸਿੰਘ ਨੇ ਤਾਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ, ਜਿਸ ਵਿਚ ਗ਼ਦ ਅਤੇ ਪਦ ਰਚਨਾ ਸ਼ਾਮਲ ਹੈ। ਉਹ ਬਹੁਪੱਖੀ ਪ੍ਰਤਿਭਾ ਵਾਲੇ ਲੇਖਕ, ਸੰਤ ਕਵੀ, ਗੁਰਮਤਿ ਦੇ ਵਿਆਖਿਆਕਾਰ, ਸਿੱਖ ਧਰਮ ਸ਼ਾਸਤਰੀ, ਖੋਜੀ ਹੋਣ ਦੇ ਨਾਲ-ਨਾਲ ਸੁਚੱਜੀ ਸੋਚ ਵਾਲੇ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਸਮਾਜ ਸੁਧਾਰਕ ਕਾਰਜਾਂ ਦੇ ਖੇਤਰ ਵਿਚ ਬਹੁਤ ਅਹਿਮ ਸੰਸਥਾਵਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ ਭਾਈ ਵੀਰ ਸਿੰਘ ਬਿਰਧ ਘਰ ਤਰਨ ਤਾਰਨ, ਸੈਂਟਰਲ ਖ਼ਾਲਸਾ ਹਸਪਤਾਲ ਤਰਨ ਤਾਰਨ ਅਤੇ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਚੀਫ਼ ਖ਼ਾਲਸਾ ਦੀਵਾਨ ਦੀ ਦੇਖ ਰੇਖ ਹੇਠ ਵਿਸ਼ੇਸ਼ ਸਥਾਨ ਰਖਦੀਆਂ ਹਨ ਅਤੇ ਅੱਜ ਤੱਕ ਸਫਲਤਾਪੂਰਵਕ ਸੇਵਾ ਕਰ ਰਹੀਆਂ ਹਨ।

ਖ਼ਾਲਸਾ ਪ੍ਰਚਾਰਕ ਵਿਦਿਆਲਾ, ਜੰਡਿਆਲਾ ਰੋਡ, ਤਰਨ ਤਾਰਨ ਵਿਖੇ ਸਥਿਤ ਹੈ। ਇਸ ਨੂੰ ਆਧੁਨਿਕ ਯੁਗ ਦਾ ਪਹਿਲਾ ਪੰਥਕ ਪ੍ਰਚਾਰਕ ਵਿਦਿਆਲਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਦੇ ਨਾਲ ਹੀ ਭਾਈ ਵੀਰ ਸਿੰਘ ਬਿਰਧ ਘਰ, ਸੈਂਟਰਲ ਖ਼ਾਲਸਾ ਹਸਪਤਾਲ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਇਮਾਰਤ ਲਗਦੀ ਹੈ। ਸਮਕਾਲ ਖ਼ਾਲਸਾ ਪ੍ਰਚਾਰਕ ਵਿਦਿਆਲਾ ਭਾਈ ਵੀਰ ਸਿੰਘ ਬਿਰਧ ਘਰ ਵਿਚ ਹੀ ਸਥਿਤ ਹੈ। ਪਰ ਸਭ ਤੋਂ ਪਹਿਲਾਂ ਇੱਥੇ ਖ਼ਾਲਸਾ ਪ੍ਰਚਾਰਕ ਵਿਦਿਆਲਾ ਦੀ ਸਥਾਪਨਾ ਹੀ ਹੋਈ ਸੀ, ਬਾਕੀ ਸਭ ਇਮਾਰਤਾਂ ਬਾਅਦ ਵਿਚ ਸੇਵਾ ਲਈ ਆਈਆਂ। ਇਹ ਵਿਦਿਆਲਾ ਅਤੇ ਬਾਕੀ ਇਮਾਰਤਾਂ ਇਸ ਸਮੇਂ ਚੀਫ਼ ਖ਼ਾਲਸਾ ਦੀਵਾਨ ਸੰਸਥਾ ਦੀ ਦੇਖ ਰੇਖ ਹੇਠ ਸੇਵਾ ਕਰਦੀਆਂ ਹਨ। ਸਿੰਘ ਸਭਾਈ ਵਿਦਵਾਨਾਂ ਕਾਰਨ ਸਿੱਖਾਂ ਵਿਚ ਧਰਮ ਨੂੰ ਜਾਨਣ ਦੀ ਉਮੰਗ ਪੈਦਾ ਹੋਈ। ਇਸ ਉਮੰਗ ਨੂੰ ਪੂਰਾ ਕਰਨ ਲਈ ਅਤੇ ਸਿੱਖਾਂ ਨੂੰ ਗੁਰਮਤਿ ਨਾਲ ਜੋੜਨ ਦੀ ਲੋੜ ਨੂੰ ਮੁੱਖ ਰੱਖਦਿਆਂ, ਮਾਸਟਰ ਈਸ਼ਰ ਸਿੰਘ ਨੇ ਇਸ ਕਾਰਜ ਨੂੰ ਸ਼ੁਰੂ ਕਰਨ ਦਾ ਸੁਪਨਾ ਲਿਆ। ਇਸ ਕਾਰਜ ਨੂੰ ਸਾਕਾਰ ਕਰਨ ਵਿਚ ਵਿਦਵਾਨ ਸਾਥੀ ਭਾਈ ਵੀਰ ਸਿੰਘ, ਸੰਤ ਸੰਪੂਰਨ ਸਿੰਘ, ਭਾਈ ਮੋਹਨ ਸਿੰਘ ਵੈਦ ਆਦਿ ਨੇ ਭਰਪੂਰ ਯੋਗਦਾਨ ਪਾਇਆ।

ਸਭ ਤੋਂ ਪਹਿਲਾ 1906 ਈ: ਵਿਚ ਸੰਤ ਈਸ਼ਰ ਸਿੰਘ ਜੀ ਨੇ ਇਹ ਵਿਦਿਆਲਾ ਦਰਬਾਰ ਸਾਹਿਬ, ਤਰਨ ਤਾਰਨ ਦੀਆਂ ਪਰਿਕਰਮਾ ਵਿਚ ਇਕ ਬੁੰਗੇ ਬੋਹੜ ਵਿਖੇ ਚਲਾਇਆ ਜੋ ਛੇਤੀ ਹੀ ਮਾਝੇ ਦੇ ਪ੍ਰਚਾਰਕਾਂ ਦਾ ਕੇਂਦਰ ਬਣ ਗਿਆ। ਛੇਤੀ ਹੀ ਚੀਫ਼ ਖ਼ਾਲਸਾ ਮਾਝਾ ਦੀਵਾਨ ਦੇ ਪ੍ਰਬੰਧਕਾਂ ਨੇ ਇਸ ਦੀ ਸ੍ਰਪਰਸਤੀ ਸੰਭਾਲ ਲਈ। ਇਲਾਕੇ ਦੇ ਵਿਦਿਆਰਥੀਆਂ ਦੀ ਰੁੱਚੀ ਅਤੇ ਗਿਣਤੀ ਵੱਧਣ ਕਾਰਨ ਇਸ ਨੂੰ ਬੁੰਗੇ ਤੋਂ ਪਲਾਇਨ ਕਰਕੇ ਯਕਿਆਂ ਦੇ ਅੱਡੇ ਵਾਲੀ ਥਾਂ ਤੇ ਇੱਕ ਕਮਰਾ ਕਿਰਾਏ ਤੇ ਲੈ ਕੇ ਚਲਾਇਆ ਜਾਣ ਲੱਗ ਪਿਆ। 1908 ਈ: ਵਿਚ ਖ਼ਾਲਸਾ ਮਾਝਾ ਦੀਵਾਨ ਅਤੇ ਪ੍ਰਚਾਰਕ ਵਿਦਿਆਲਾ ਦੋਵੇਂ ਚੀਫ਼ ਖ਼ਾਲਸਾ

* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਦੀਵਾਨ ਵਿਚ ਮਰਜ਼ ਹੋ ਗਏ ਤੇ ਇਹ ਵਿਦਿਆਲਾ ਜੰਡਿਆਲਾ ਰੋਡ ਤੇ ਪੱਕੇ ਪੈਰੀ ਆ ਗਿਆ। ਇੱਥੇ ਜਗ੍ਹਾਂ ਬਹੁਤ ਖੁੱਲ੍ਹੀ ਹੈ, ਇਕੱਲਾ ਬਿਰਧ ਘਰ ਹੀ 29,000 ਸੁਕੇਅਰ ਫੁੱਟ ਹੈ। ਪਹਿਲਾਂ ਇਹ ਸਾਰੀ ਜਗ੍ਹਾਂ ਖ਼ਾਲਸਾ ਪ੍ਰਚਾਰਕ ਵਿਦਿਆਲਾ ਦੀ ਹੀ ਹੁੰਦੀ ਸੀ, ਪਰ 1959 ਈ: ਵਿਚ ਬਿਰਧ ਘਰ ਬਣਨ ਕਾਰਨ ਇਹ ਇਕੱਠੀਆਂ ਹੋ ਗਈਆਂ। ਖ਼ਾਲਸਾ ਪ੍ਰਚਾਰਕ ਵਿਦਿਆਲਾ ਲਈ ਜ਼ਮੀਨ ਸਥਾਨਕ ਲੋਕਾਂ ਅਤੇ ਦਾਨੀਆਂ ਦੇ ਸਹਿਯੋਗ ਨਾਲ ਪ੍ਰਾਪਤ ਹੋਈ। 1906 ਈ: ਤੋਂ ਹੁਣ ਤੱਕ ਇਸ ਦਾ ਖਰਚ ਸਰਧਾਲੂਆਂ ਤੇ ਦਾਨੀਆਂ ਦੇ ਸਹਿਯੋਗ ਨਾਲ ਚਲਦਾ ਹੈ। ਸਮਕਾਲ ਨਾਲ ਲਗਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤੋਂ ਸਾਲਾਨਾ 24000 ਰੁਪਏ ਅਤੇ ਸੈਂਟਰਲ ਖ਼ਾਲਸਾ ਹਸਪਤਾਲ ਤੋਂ 18000 ਰੁਪਏ ਆਦਿ ਪ੍ਰਾਪਤ ਹੁੰਦੇ ਕਿਰਾਏ ਨਾਲ ਇਸ ਦਾ ਖਰਚਾ ਚਲਦਾ ਹੈ। ਇਹ ਵਿਦਿਆਲਾ ਹੁਣ ਤੱਕ ਅਨਗਿਣਤ ਰਾਗੀ, ਪ੍ਰਚਾਰਕ, ਗ੍ਰੰਥੀ, ਵਿਦਵਾਨ, ਸੰਗੀਤਕਾਰ ਪੈਦਾ ਕਰ ਚੁੱਕਾ ਹੈ, ਜੋ ਪੰਥ ਦੀ ਸੇਵਾ ਅਤੇ ਪ੍ਰਚਾਰ ਦਾ ਕਾਰਜ ਕਰ ਰਹੇ ਹਨ।

**ਵਿਦਿਆਲਾ ਦੇ ਉੱਘੇ ਉਸਤਾਦ**: ਸਭ ਤੋਂ ਪਹਿਲਾਂ ਮਾਸਟਰ ਈਸ਼ਰ ਸਿੰਘ ਜੀ ਨੇ ਗੁਰਮਤਿ ਪ੍ਰਚਾਰ ਲਈ ਯਤਨ ਆਰੰਭੇ। ਉਹ ਗੁਰਮਤਿ ਦੇ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਬੁਲਾਰੇ ਸਨ। ਉਨ੍ਹਾਂ ਨੇ ਗੁਰਬਾਣੀ ਤੇ ਹੋਰ ਧਰਮ ਗ੍ਰੰਥਾਂ ਵੇਦਾਂਤ ਅਤੇ ਨਿਆਇ ਸ਼ਾਸ਼ਤਰ ਦਾ ਅਧਿਐਨ ਵੀ ਕੀਤਾ ਹੋਇਆ ਸੀ। ਉਨ੍ਹਾਂ ਨੇ ਲਾਹੌਰ ਤੇ ਹੋਰ ਦੂਰ-ਦੂਰ ਤੋਂ ਚੰਗੇ ਉਸਤਾਦ ਬੁਲਾ ਕੇ ਇਸ ਪੰਥਕ ਕਾਰਜ ਨੂੰ ਤੋਰੀ ਰੱਖਿਆ। ਉਹ ਤਾਊਸ ਨਾਲ ਕੀਰਤਨ ਕਰਿਆ ਕਰਦੇ ਸਨ। ਉਹ ਚੰਗੇ ਸੁਰੀਲੇ ਗਾਇਕ ਪੰਡਿਤ ਨੱਥੂ ਰਾਮ ਨੂੰ ਪ੍ਰੇਰ ਕੇ ਵਿਦਿਆਲਾ ਲੈ ਜਾਂਦੇ ਸਨ। ਉਨ੍ਹਾਂ ਨੇ 1919 ਈ: ਤੱਕ ਸੇਵਾ ਨਿਭਾਈ। ਪੰਡਿਤ ਜੀ ਨੇ ਆਪਣੇ ਨਾਲ ਮਸ਼ਹੂਰ ਪਖਾਵਜੀ ਜੋੜੀ ਵਾਲੇ ਮਾਸਟਰ ਰਤਨ ਸਿੰਘ ਤੇ ਉਨ੍ਹਾਂ ਦੇ ਸ਼ਗਿਰਦ ਭਾਈ ਸੰਤਾ ਸਿੰਘ ਜੀ ਅਤੇ ਭਾਈ ਅਰਜਨ ਸਿੰਘ ਤਰੰਗੜ ਆਦਿ ਨੂੰ ਸੇਵਾ ਦਿੱਤੀ। ਇਨ੍ਹਾਂ ਵਿਚੋਂ ਗਿਆਨੀ ਬਿਬੇਕਾ ਸਿੰਘ ਜੀ ਨੇ ਵੀ ਸੇਵਾ ਸੰਭਾਲੀ। ਭਾਵੇਂ ਉਹ ਨੇਤਰਹੀਣ ਸਨ, ਪਰ ਉਨ੍ਹਾਂ ਨੇ ਗੁਰਬਾਣੀ ਦਾ ਇੰਨਾਂ ਅਭਿਆਸ ਕੀਤਾ ਹੋਇਆ ਸੀ ਕਿ ਉਨ੍ਹਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਪੂਰਾ ਜੁਬਾਨੀ ਕੰਠ ਸੀ। ਉਨ੍ਹਾਂ ਨੇ ਸ਼ੁਧ ਪਾਠ ਉਚਾਰਣ ਅਤੇ ਅਰਥ ਕਰਨੇ ਸਿਖਾਉਂਣੇ ਸ਼ੁਰੂ ਕਰ ਦਿੱਤੇ। ਉਸ ਵੇਲੇ ਤਿਆਰ ਕੀਤੇ ਵਿਦਿਆਰਥੀ, ਜੱਥੇ ਬਣਾ ਕੇ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਵਿਖੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ। ਭਾਈ ਦੇਸਾ ਸਿੰਘ ਮਸ਼ਹੂਰ ਤਬਲਾ ਮਾਹਿਰ ਵਿਦਿਆਰਥੀਆਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਇੱਥੇ ਹੀ ਗਿਆਨੀ ਸੋਦਾਗਰ ਸਿੰਘ ਜੀ, ਜੋ ਪਿੰਡੀਘੇਬ ਤੋਂ ਜ਼ਿਲ੍ਹਾ ਕੈਮਲਪੁਰ ਤੋਂ ਇੱਥੇ ਵਿਦਿਆਰਥੀ ਵਜੋਂ ਆਏ ਸਨ ਤੇ ਇੱਥੇ ਹੀ ਸੇਵਾ ਕਰਨ ਲੱਗੇ। ਇਸ ਤੋਂ ਇਲਾਵ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ੍ਰ. ਜਸਵੰਤ ਸਿੰਘ ਸੀਨੀਅਰ ਐਡੀਟਰ ਰਿਟਾਇਰਡ ਸ੍ਰ. ਜਸਵੰਤ ਸਿੰਘ ਬਿੰਦਰਾ, ਪ੍ਰਿੰਸੀਪਲ ਧਰਮਾਨੰਤ ਸਿੰਘ ਅਤੇ ਹੋਰ ਅਨੇਕਾਂ ਹੀ ਪ੍ਰਸਿੱਧ ਸਖ਼ਸ਼ੀਅਤਾਂ ਸੇਵਾ ਕਰਨ ਲਗੀਆਂ। ਫਿਰ ਗਿਆਨੀ ਉਤਮ ਸਿੰਘ ਅਤੇ ਗਿਆਨੀ ਨੌਰੰਗ ਸਿੰਘ ਨੇ ਸਾਰੀ ਸੇਵਾ ਸੰਭਾਲੀ। ਸਮਕਾਲ ਮੈਂਬਰ ਇੰਚਾਰਜ ਸ. ਖੜਕਬੀਰ ਸਿੰਘ ਭਸੀਨ, ਸ੍ਰ. ਸਤਵਿੰਦਰ ਸਿੰਘ ਅਤੇ ਪ੍ਰਿੰਸੀਪਲ ਭਾਈ ਜਗਦੀਪ ਸਿੰਘ ਸੇਵਾ ਨਿਭਾਅ ਰਹੇ ਹਨ। ਇੱਥੇ ਰੋਜ਼ਾਨਾ ਸ਼ਾਮ 3 ਵਜੇ ਤੋਂ 5 ਵਜੇ ਤੱਕ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ, ਕੀਰਤਨ, ਕਥਾ, ਸੰਥਿਆ ਅਤੇ ਪਰਚਾਰ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਹੈ।

**ਵਿਦਿਆਲਾ ਦੇ ਹੋਣਹਾਰ ਵਿਦਿਆਰਥੀ**: ਇਸ ਵਿਦਿਆਲਾ ਦੀ ਪਹਿਲੇ ਦਿਨ ਤੋਂ ਇੱਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਇੱਥੇ ਵਿਦਿਆਰਥੀਆਂ ਨੂੰ ਮੁਫਤ ਖਾਣਾ, ਰਿਹਾਇਸ਼, ਬਿਸਤਰ, ਸਾਜ-ਸਮਾਨ ਅਤੇ ਹੋਰ ਲੋੜੀਂਦਾ ਖਰਚਾ ਦਿੱਤਾ ਜਾਂਦਾ ਸੀ। ਜਿਸ ਕਾਰਨ ਇਸ ਵਿਦਿਆਲਾ ਦੀ ਪ੍ਰਸਿੱਧੀ ਦੇਸ਼ਾਂ-ਵਿਦੇਸ਼ਾਂ ਤੱਕ ਫੈਲ ਗਈ। ਸਿੰਘਾਪੁਰ, ਮਲਾਇਆ ਅਤੇ ਹੋਰ ਦੂਰ-ਦੂਰ ਟਾਪੂਆਂ ਤੋਂ ਵਿਦਿਆਰਥੀ ਇੱਥੇ ਗੁਰਮਤਿ ਪ੍ਰਚਾਰ ਦੀ ਸਿਖਲਾਈ ਲਈ ਆਉਣ ਲੱਗੇ। ਉਸ ਵਕਤ ਇੱਥੇ ਵਿਦਿਆਰਥੀਆਂ ਦੀ ਗਿਣਤੀ ਸੈਂਕੜੇ ਵਿਚ ਹੁੰਦੀ ਸੀ। ਇਨ੍ਹਾਂ ਵਿਚੋਂ ਗਿਆਨੀ ਕਰਤਾਰ ਸਿੰਘ ਜੀ ਕੋਮਲ ਕਸ਼ਮੀਰ, ਗਿਆਨੀ ਅਰਜਨ ਸਿੰਘ ਜੀ ਤਰੰਗੜ, ਗਿਆਨੀ ਹਰਦਿੱਤ ਸਿੰਘ, ਗਿਆਨੀ ਖੜਕ ਸਿੰਘ, ਗਿਆਨੀ ਨਰਾਇਣ ਸਿੰਘ ਮਾਰਤੰਡ, (ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਲਿਖਕੇ ਛਪਵਾਇਆ ਸੀ) ਸ਼ਾਮਿਲ ਸਨ। ਇਨ੍ਹਾਂ ਵਿਚੋਂ ਪ੍ਰਿੰਸੀਪਲ ਗੰਗਾ ਸਿੰਘ ਵੀ ਇੱਕ ਸਨ ਜੋ ਪੰਥ ਦੇ ਪ੍ਰਸਿੱਧ ਬੁਲਾਰੇ ਤੇ ਵਿਦਵਾਨ ਹੋਏ ਹਨ।

**1947 ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਵਿਚ ਖਾਲਸਾ ਪ੍ਰਚਾਰਕ ਵਿਦਿਆਲਾ**: ਦੇਸ਼ ਵੰਡ ਤੋਂ ਪਹਿਲਾਂ ਇਸ ਵਿਦਿਆਲਾ ਵਿਚ ਰੌਣਕ ਤੇ ਚਹਿਲ-ਪਹਿਲ ਬਹੁਤ ਰਹਿੰਦੀ ਸੀ। ਦੇਸ਼ਾਂ-ਵਿਦੇਸ਼ਾਂ ਤੋਂ ਆਇਆਂ ਦੀ ਆਓ ਭਗਤ ਲਈ ਜਨਤਕ ਸੰਗਤ ਵਿਚ ਸੇਵਾ ਦੀ ਬੜੀ ਭਾਵਨਾ ਸੀ । ਉਹ ਵਿਦਿਆਲਾ ਵਿਚ ਲੰਗਰ ਲਈ ਅੰਨ ਪਾਣੀ ਦੇ ਕੇ ਭਰਪੂਰ ਸੇਵਾ ਕਰਦੇ ਸਨ। ਜਨਤਕ ਸਹਿਯੋਗ ਕਾਰਨ 1947 ਤੋਂ ਪਹਿਲਾਂ ਸਾਰਾ ਕੁਝ ਸਹੀ ਸਲਾਮਤ ਚਲਦਾ ਰਿਹਾ ਸੀ।

ਵੰਡ ਤੋਂ ਬਾਅਦ ਵਤਨੋਂ ਜ਼ਮੀਨਾਂ ਤੇ ਪਸ਼ੂ-ਡੰਗਰ ਛੱਡ ਕੇ ਅਇਆਂ ਨੂੰ ਇੱਥੇ ਘੱਟ ਜ਼ਮੀਨਾਂ ਤੇ ਗੁਜ਼ਾਰਾ ਕਰਨਾ ਪਿਆ। ਇਸ ਕਾਰਨ ਪਹਿਲਾਂ ਵਾਲਾ ਖੁੱਲਾ-ਡੁੱਲਾ ਮਾਹੌਲ ਥੋੜਾ ਫਿੱਕਾ ਪੈ ਗਿਆ। ਸਾਰੇ ਪ੍ਰਚਾਰਕ ਅਤੇ ਵਿਦਿਆਰਥੀ ਪਹਿਲਾਂ ਇਸ ਵਿਦਿਆਲੇ ਵਿਚ ਰਹਿੰਦੇ ਸਨ, ਹੁਣ ਵੰਡ ਕਾਰਨ ਗ੍ਰਹਿਸਥੀ ਹੋ ਕੇ ਦੂਰ-ਦੂਰ ਫੈਲ ਗਏ। ਇਸ ਤਰ੍ਹਾਂ ਵੰਡ ਦੇ ਸੰਤਾਪ ਨਾਲ ਵਿਦਿਆਲਾ ਦੀ ਰੌਣਕ ਫਿੱਕੀ ਪੈਣ ਲੱਗੀ। ਵਿਦਿਆਰਥੀਆਂ ਦੀ ਘੱਟਦੀ ਗਿਣਤੀ ਕਾਰਨ 1959 ਈ: ਵਿਚ ਇਥੇ ਭਾਈ ਵੀਰ ਸਿੰਘ ਬਿਰਧ ਘਰ ਸਥਾਪਿਤ ਕੀਤਾ ਗਿਆ, ਜਿਨ੍ਹਾਂ ਵਿਚੋਂ ਹੁਣ ਦੋ ਕਮਰੇ ਤੇ ਵੱਡਾ ਹਾਲ ਖ਼ਾਲਸਾ ਪ੍ਰਚਾਰਕ ਵਿਦਿਆਲਾ ਲਈ ਵਰਤਿਆ ਜਾ ਰਿਹਾ ਹੈ। ਜੋ ਉਘੇ ਪ੍ਰਚਾਰਕ ਇਸ ਵਿਦਿਆਲਾ ਤੋਂ ਉਸਰੇ ਉਨ੍ਹਾਂ ਨੇ ਆਪਣਿਆਂ

ਟਿਕਾਣਿਆਂ ਤੇ ਪ੍ਰਚਾਰ ਦਾ ਕਾਰਜ ਆਰੰਭ ਕਰ ਦਿੱਤਾ। ਜਿਨ੍ਹਾਂ ਵਿਚੋਂ ਕਸ਼ਮੀਰ ਤੇ ਪੁਣਛ ਦੇ ਸਿੱਖ ਬੱਚਿਆਂ ਲਈ ਮਹੰਤ ਬਚਿੱਤਰ ਸਿੰਘ ਹੁਰਾਂ ਨੇ ਬਹੁਤ ਵੱਡਾ ਆਸ਼ਰਮ ਖੋਲ ਕੇ ਸਥਾਨਕ ਵਿਦਿਆਰਥੀਆਂ ਨੂੰ ਠਾਹਰ, ਸਿਖਲਾਈ ਤੇ ਕੀਰਤਨ ਸਿਖਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ। ਇੱਥੋਂ ਦੇ ਵਿਦਿਆਰਥੀ ਗਿਆਨੀ ਹਰਦਿੱਤ ਸਿੰਘ ਨੇ ਦਿੱਲੀ ਦੇ ਰਕਾਬ ਗੰਜ ਵਿਖੇ ਉਤਰ ਪ੍ਰਦੇਸ਼ ਦੇ ਵਿਦਿਆਰਥੀਆਂ ਲਈ ਗੁਰਬਾਣੀ ਕੀਰਤਨ ਅਤੇ ਹੋਰ ਪ੍ਰਚਾਰਕ ਕਾਰਜ ਲਈ ਆਸ਼ਰਮ ਸ਼ੁਰੂ ਕਰ ਦਿੱਤਾ ਜੋ ਸਫਲਤਾਪੂਰਵਕ ਚਲਦਾ ਰਿਹਾ ਹੈ। ਇਨ੍ਹਾਂ ਵਿਦਿਆਰਥੀਆਂ ਵਿਚੋਂ ਹੀ ਸਿੰਧ ਸਖਰ ਤੱਕ ਯਤੀਮਖਾਨਾ ਖੋਲ੍ਹ ਕੇ ਪੰਥਕ ਪ੍ਰਚਾਰਕ ਕਾਰਜ ਨੂੰ ਜਾਰੀ ਰੱਖਿਆ। ਇਸ ਸਭ ਦਾ ਪ੍ਰਭਾਵ ਇਹ ਪਿਆ ਕਿ ਭਵਿੱਖਮਈ ਯੁਵਕ ਨੂੰ ਸੰਭਾਲਿਆ ਗਿਆ। ਉਨ੍ਹਾਂ ਵਿਚ ਸਿੱਖੀ ਰੰਗਤ ਭਰ ਕੇ ਸਿੰਘ ਸਭਾਈ ਆਸ਼ਿਆਂ ਦੀ ਪੂਰਤੀ ਹੋਈ। ਸਿੱਖੀ ਵੱਧਣ-ਫੁਲਣ ਲੱਗੀ। ਇਸ ਵਿਦਿਆਲਾ ਦੀ ਰੰਗਣ ਸੀ ਕਿ ਇੱਥੋਂ ਦੇ ਵਿਦਿਆਰਥੀਆਂ ਨੇ ਗੁਰਸਿੱਖੀ ਬਾਣਾ ਅਪਨਾਇਆ, ਜੋ ਹੋਰਨਾਂ ਲਈ ਖਿੱਚ ਦਾ ਕਾਰਨ ਬਣਿਆ।

ਖ਼ਾਲਸਾ ਪ੍ਰਚਾਰਕ ਵਿਦਿਆਲਾ, ਤਰਨ ਤਾਰਨ ਦੀ ਗੁਰਮਤਿ ਪਰਚਾਰ ਦੀ ਵਿੱਦਿਆ ਦੇਣ ਦਾ ਕਾਰਜ ਅਤੇ ਏਥੋਂ ਦੀ ਪੜ੍ਹਾਈ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇੱਥੋਂ ਦੇ ਵਿਦਿਆਰਥੀਆਂ ਦੇ ਸੰਗੀਤ ਦੇ ਇਮਤਿਹਾਨ ਪੰਜਾਬ ਯੂਨੀਵਰਸਿਟੀ ਦੇ ਕਲਾ ਕੇਂਦਰ ਚੰਡੀਗੜ੍ਹ ਤੋਂ ਦਿਵਾ ਕੇ ਬਕਾਇਦਾ ਸਰਟੀਫਿਕੇਟ ਦਿਵਾਏ ਜਾਂਦੇ ਹਨ। ਹੁਣ ਵੀ ਇੱਥੇ ਸਥਾਨਕ ਬੱਚੇ ਗੁਰਮਤਿ ਦਾ ਲਾਹਾ ਖੱਟਦੇ ਹਨ। ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਘੱਟਦੀ-ਵੱਧਦੀ ਰਹਿੰਦੀ ਹੈ। ਗ਼ਰਮੀਆਂ ਦੀਆਂ ਛੁੱਟੀਆਂ ਵਿਚ ਵਧੇਰੇ ਤੇ ਬਾਕੀ ਆਮ ਦਿਨਾਂ ਵਿਚ ਵੀ ਕਾਰਜ ਤੁਰਿਆ ਰਹਿੰਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਵਿਦਿਆਲਾ ਦੀ ਸਥਾਪਨਾ ਦੇ ਵਿਕਾਸ ਅਤੇ ਵਿਗਾਸ ਵਿਚ ਡਾਕਟਰ ਭਾਈ ਵੀਰ ਸਿੰਘ ਜੀ ਨੇ ਅਹਿਮ-ਭੂਮਿਕਾ ਨਿਭਾਉਂਦਿਆਂ ਸਮੇਂ ਸਮੇਂ ਵਡਮੁਲਾ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚਲਾ ਨਾਮ ਬਾਣੀ ਅਤੇ ਕੀਰਤਨ ਦਾ ਸੰਦੇਸ਼ ਇਸ ਵਿਦਿਆਲਾ ਵਿਚ ਵੱਧ ਚੜ੍ਹ ਕੇ ਮੌਲਿਆ ਹੈ ਜਿਸ ਨੂੰ ਸਮੇਂ-ਸਮੇਂ ਤੇ ਹੋਈਆਂ ਪੰਥਕ ਰੂਹਾਂ ਤੇ ਉਸਤਾਦਾਂ ਨੇ ਤੋਰੀ ਰੱਖਿਆ ਹੈ। ਇਸ ਵਿਚਲਾ ਖੁੱਲਾ ਮਾਹੌਲ ਭਾਈ ਵੀਰ ਸਿੰਘ ਜੀ ਦੀ ਕੁਦਰਤ-ਪ੍ਰੇਮ ਸੰਗ ਕੁਦਰਤੀ ਰੰਗਤ ਵਿਚ ਰੰਗਿਆ ਪਿਆ ਹੈ। ਇਸ ਵਿਦਿਆਲਾ ਦੀ ਸਫ਼ਲਤਾ ਇੱਥੋਂ ਪੈਦਾ ਹੋਏ ਮਹਾਨ ਵਿਦਵਾਨ ਪ੍ਰਿੰਸੀਪਲ ਗੰਗਾ ਸਿੰਘ ਅਤੇ ਗਿਆਨੀ ਨਰਾਇਣ ਸਿੰਘ ਵਰਗਿਆਂ ਤੋਂ ਝਲਕਦੀ ਹੈ। ਸਚਮੁੱਚ ਇਸ ਵਿਦਿਆਲਾ ਨੇ ਗੁਰੂ ਕਾਲ ਤੋਂ ਬਾਅਦ ਸਿੱਖੀ ਪ੍ਰਚਾਰ ਵਿਚਲੀ ਆਈ ਖੜੋਤ ਨੂੰ ਦੂਰ ਕਰਨ ਲਈ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਦੇ ਅੰਤਰਗਤ ਅਹਿਮ ਯੋਗਦਾਨ ਪਾਇਆ ਹੈ।

# ਸੈਂਟਰਲ ਖਾਲਸਾ ਹਸਪਤਾਲ

*ਡਾ. ਹਰਪ੍ਰੀਤ ਸਿੰਘ**

ਚੀਫ ਖਾਲਸਾ ਦੀਵਾਨ ਵੱਲੋਂ ਚਲਾਈ ਜਾ ਰਹੀ ਸੈਂਟਰਲ ਖਾਲਸਾ ਹਸਪਤਾਲ ਨਾਮ ਦੀ ਸੰਸਥਾ, ਜੰਡਿਆਲਾ ਰੋਡ, ਤਰਨ ਤਾਰਨ ਵਿਖੇ ਸ਼ਹਿਰ ਨਿਵਾਸੀਆਂ ਨੂੰ ਮੈਡੀਕਲ ਸੇਵਾਂਵਾ ਮੁਹਈਆ ਕਰਵਾ ਰਹੀ ਹੈ, ਜਿਸ ਦਾ ਨੀਂਹ ਪੱਥਰ ਜ਼ਿਲ੍ਹਾ ਮਿੰਟਗੁਮਰੀ (ਹੁਣ ਪਾਕਿਸਤਾਨ ਵਿੱਚ) ਦੇ ਕਸਬੇ ਅਨੰਦਪੁਰ ਦੇ ਭਾਈ ਸੰਗਤ ਸਿੰਘ ਜੀ ਹੁਰਾਂ ਵੱਲੋ 11 ਫਰਵਰੀ ਸੰਨ 1918 ਵਿੱਚ ਰੱਖਿਆ ਗਿਆ। ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਇਸ ਤਰਨ ਤਾਰਨ ਸ਼ਹਿਰ ਵਿੱਚ ਡਾਕਟਰੀ ਸਹੂਲਤਾਂ ਦੀ ਬਹੁਤ ਸਖਤ ਜਰੂਰਤ ਸੀ, ਜੋ ਭਾਈ ਸਾਹਿਬ ਜੀ ਨੇ ਪੂਰੀ ਕਰਵਾਈ। ਕੁਝ ਇਤਿਹਾਸਿਕ ਪਛੋਕੜ ਵੱਲ ਜੇ ਝਾਤੀ ਮਾਰੀਏ ਤਾਂ ਇਹ ਗੱਲ੍ਹ ਸਪੱਸ਼ਟ ਹੁੰਦੀ ਹੈ ਕਿ ਉਸ ਵੇਲੇ ਦੇ ਅਗਾਂਹ ਵਧੂ ਸਿੱਖਾਂ ਨੇ ਸਮਾਜ ਨੂੰ ਬਹੁਤ ਦੇਣ ਦਿੱਤੀ। ਸ਼ਰਦਾਰ ਗੁਰਦਿੱਤ ਸਿੰਘ ਜੀ ਅਮਰੀਕਨ ਸਪੁੱਤਰ ਸਰਦਾਰ ਹਰਨਾਮ ਸਿੰਘ ਜੋ ਕਿ ਚੋਹਲਾ ਸਾਹਿਬ ਦੇ ਰਹਿਣ ਵਾਲੇ ਸਨ, ਨੇ ਆਪਣੇ ਪੁੱਤਰ ਰਣਜੀਤ ਸਿੰਘ ਦੀ ਖੁਸ਼ੀ ਵਿੱਚ ਚਾਰ ਏਕੜ ਜਮੀਨ ਦਾਨ ਕੀਤੀ। ਕੁਝ ਕਮਰਿਆਂ ਦੀ ਸੇਵਾ ਉਸ ਸਮੇਂ ਦੇ ਪੰਜਾਬ ਅਤੇ ਤਾਮਿਲਨਾਡੂ ਦੇ ਸਾਬਕਾ ਗਵਰਨਰ ਸ. ਉੱਜਲ ਸਿੰਘ ਵੱਲੋਂ ਚਲਾਏ ਜਾ ਰਹੇ ਟਰੱਸਟ ਨੇ ਵੀ ਕੀਤੀ। ਇਸ ਨੇਕ ਕੰਮ ਨੂੰ ਉਦੋਂ ਹੋਰ ਵੀ ਉਤਸ਼ਾਹ ਮਿਲਿਆ ਜਦੋਂ ਸਰਦਾਰ ਬਲਵੰਤ ਸਿੰਘ ਜੀ ਸਰਾਫ ਨੇ ਉਹਨਾਂ ਜਮਾਨਿਆਂ ਵਿੱਚ ਇੱਕ ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ। ਇਸੇ ਤਰ੍ਹਾਂ ਗਰੇਟਰ ਕੈਲਾਸ਼, ਨਵੀਂ ਦਿੱਲੀ ਵਾਸੀ ਸਰਦਾਰ ਮਨੋਹਰ ਸਿੰਘ ਛਾਬੜਾ, ਬੀਬੀ ਮੋਹਣ ਕੌਰ ਜੀ ਅਤੇ ਲੁਧਿਆਣਾ ਨਿਵਾਸੀ ਸ਼੍ਰੀਮਤੀ ਲਾਜਵੰਤੀ ਕਪੂਰ ਜੀ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ।

ਮਿਤੀ 5 ਨਵੰਬਰ 2014 ਨੂੰ ਤਤਕਾਲੀਨ ਰਾਜ ਸਭਾ ਮੈਂਬਰ ਸਰਦਾਰ ਮਨੋਹਰ ਸਿੰਘ ਗਿੱਲ ਨੇ ਦੱਸ ਲੱਖ ਰੁਪਏ ਦੀ ਗਰਾਂਟ ਦੇ ਕੇ ਵੀਹ ਕਮਰਿਆਂ ਦੇ ਨਵੇਂ ਵਾਰਡ ਦੀ ਉਸਾਰੀ ਕਰਵਾਈ।

ਇਸ ਹਸਪਤਾਲ ਵਿੱਚ 20 ਬਿਸਤਰਿਆਂ ਦੇ ਇੱਕ ਪੁਰਾਣੇ ਅਤੇ 20 ਬਿਸਤਰਿਆਂ ਦੇ ਹੀ ਇੱਕ ਨਵੇਂ ਵਾਰਡ ਤੋਂ ਇਲਾਵਾ ਚਾਰ ਪ੍ਰਾਈਵੇਟ ਕਮਰਿਆਂ ਦੀ ਸਹੂਲਤ ਸ਼ਹਿਰ ਵਾਸੀਆਂ ਲਈ ਇੱਕ ਵਰਦਾਨ ਤੋਂ ਘੱਟ ਨਹੀਂ। ਇਸ ਤੋਂ ਬਿਨਾਂ ਮਰੀਜ਼ਾਂ ਦੀ ਸੇਵਾ ਲਈ ਲੈਬਾਰਟਰੀਆਂ ਦਾ ਵੀ ਪ੍ਰਬੰਧ ਹੈ ਜਿਨ੍ਹਾਂ ਵਿੱਚ ਈ. ਸੀ. ਜੀ., ਐਕਸ-ਰੇ, ਖ਼ੂਨ ਅਤੇ ਹੋਰ ਟੈਸਟ ਕਰਣ ਦੀਆਂ ਮਸ਼ੀਨਾਂ ਲੱਗੀਆਂ ਹਨ। ਡਾ. ਲੈਂਹਬਰ ਸਿੰਘ ਦੀ ਸੁਚੱਜੀ ਅਗਵਾਈ ਵਿੱਚ ਮਾਹਿਰ ਡਾਕਟਰਾਂ ਅਤੇ ਹੋਰ ਤਕਨੀਕੀ ਅਮਲੇ ਵੱਲੋਂ ਇਥੇ ਸਰਜਰੀ, ਹੱਡੀਆਂ, ਗੁਰਦੇ, ਇਸਤਰੀ ਰੋਗਾਂ ਆਦਿ ਦਾ ਇਲਾਜ ਕੀਤਾ ਜਾਂਦਾ ਹੈ। ਦਵਾਈਆਂ ਦੀ ਦੁਕਾਨ ਵੀ ਹਸਪਤਾਲ ਅੰਦਰ ਹੀ ਹੋਣ ਕਰਕੇ ਮਰੀਜ਼ਾਂ ਲਈ ਇਥੇ ਇਲਾਜ਼ ਕਰਵਾਉਣਾ ਹੋਰ ਵੀ ਸੌਖਾਲਾ ਹੋ ਗਿਆ ਹੈ।

* ਪ੍ਰਿੰਸੀਪਲ, ਸੀ.ਕੇ.ਡੀ. ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨੋਲੌਜੀ ਤਰਨ ਤਾਰਨ

# ਨਿਰਗੁਣੀਆਰਾ ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ ਵਲੋਂ:
## ਭਾਈ ਸਾਹਿਬ ਭਾਈ ਵੀਰ ਸਿੰਘ ਜੀ
## 58ਵੀਂ ਬਰਸੀ (10/06/1957) ਸਮੇਂ ਸ਼ਰਧਾਂਜ਼ਲੀਆਂ

**ਸ. ਚਰਨਜੀਤ ਸਿੰਘ ਚੱਢਾ ਪ੍ਰਧਾਨ:** ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਸਿੱਖ ਸੰਪਰਦਾ ਦੇ ਸਾਹਿਤ ਦੇ ਸਭ ਤੋ ਵੱਡੇ ਲੇਖਕ ਹੋਣ ਕਰਕੇ ਵੀਹਵੀਂ ਸਦੀ ਦਾ ਭਾਈ ਗੁਰਦਾਸ ਕਿਹਾ ਜਾਂਦਾ ਹੈ।ਆਪ ਨਵੀਨ ਪੰਜਾਬੀ ਸਾਹਿਤ ਦੇ ਮੋਢੀ ਅਤੇ ਉੱਸਰਈਆਂ ਵਿਚੋ ਇਕ ਹਨ।

ਆਪ ਜੀ ਨੇ ਲਗਭਗ 65-70 ਵਰ੍ਹੇ ਅਣਥੱਕ ਕੌਮ ਦੀ ਸੇਵਾ ਕੀਤੀ ਅਤੇ ਅੰਤ ਜੂਨ, 1957 ਨੂੰ ਵਾਹਿਗੁਰੂ ਜੀ ਦੀ ਗੋਦ ਵਿਚ ਜਾ ਬਿਰਾਜੇ। ਅੱਜ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਭਾਵੇ ਸਰੀਰਕ ਤੌਰ ਤੇ ਸਾਡੇ ਵਿਚ ਨਹੀ ਰਹੇ ਪਰ ਉਹਨਾਂ ਵਲੋ ਕੀਤੇ ਕੰਮ ਸਾਡੀ ਕੌਮ ਦੀ ਰਹਿਨੁਮਾਈ ਕਰਨਗੇ। ਉਹਨਾਂ ਦੀ ਸਖਸ਼ੀਅਤ ਸਾਨੂੰ ਨੇਕ ਇਨਸਾਨ ਬਣਨ ਲਈ ਹਮੇਸ਼ਾ ਰਸਤਾ ਦਿਖਾਉਂਦੀ ਰਹੇਗੀ।

**ਨਿਰਮਲ ਸਿੰਘ ਸਥਾਨਕ ਪ੍ਰਧਾਨ:** ਅੱਜ ਤੋਂ 58 ਸਾਲ ਪਹਿਲਾਂ 10 ਜੂਨ, 1957 ਨੂੰ ਗੁਰੂ ਆਸ਼ੇ ਅਨੁਸਾਰ ਅਰਥ-ਭਰਪੂਰ ਇਤਿਹਾਸ ਰਚਨ ਉਪਰੰਤ ਭਾਈ ਵੀਰ ਸਿੰਘ ਗੁਰੂ ਮਹਾਰਾਜ ਦੀ ਗੋਦ ਵਿਚ ਜਾ ਬਿਰਾਜੇ। ਆਪਣੇ ਜੀਵਨ-ਕਾਲ ਵਿਚ ਭਾਈ ਸਾਹਿਬ ਜੀ ਨੇ ਬ੍ਰਾਹਮਣਵਾਦੀ ਸਮਾਜਿਕ ਘੁੰਮਣ-ਘੇਰੀ ਵਿਚ ਫਸੀ ਸਿੱਖੀ ਨੂੰ ਉਹਨਾਂ ਸਿੰਘ ਸਭਾ ਦੇ ਆਸ਼ਿਆਂ ਅਨੁਸਾਰ ਨਵ-ਚੇਤਨਾ ਦਾ ਪਾਠ ਪੜ੍ਹਾਇਆ।

ਮੈਂ ਇਸ ਸ੍ਰੇਸ਼ਠ ਲੇਖਕ, ਸੁਧਾਰਕ, ਚਿੰਤਕ, ਰਹਿਬਰ, ਵਿਆਖਿਆਕਾਰ ਤੇ ਇਤਿਹਾਸਕਾਰ ਨੂੰ ਸਮਾਜ ਪ੍ਰਤੀ ਉਹਨਾਂ ਦੇ ਉਸਾਰੂ ਕਾਰਜਾਂ ਲਈ ਸਰਧਾਂਜਲੀ ਅਰਪਿਤ ਕਰਦਾ ਹਾਂ।

**ਨਰਿੰਦਰ ਸਿੰਘ ਖੁਰਾਣਾ ਆਨਰੇਰੀ ਸਕੱਤਰ:** ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਉਸ ਸਮੇਂ ਪੰਜਾਬੀ ਮਾਤ ਭਾਸ਼ਾ ਵਿਚ ਸਾਹਿਤ ਰਚਨਾ ਕੀਤੀ ਜਿਸ ਸਮੇ ਸਿੱਖ ਵਿਦਵਾਨ ਕਈ ਕਾਰਨਾਂ ਕਰਕੇ ਇਸ ਤੋਂ ਦੂਰ ਹੋ ਰਹੇ ਸਨ। ਆਪ ਜੀ ਨੇ ਬ੍ਰਿਜ ਭਾਸ਼ਾ ਨੂੰ ਛੱਡ ਕੇ ਨਿਰੋਲ ਪੰਜਾਬੀ ਨੂੰ ਅਪਨਾਇਆ। ਆਪ ਸਿੰਘ ਸਭਾ ਲਹਿਰ ਤੇ ਚੀਫ ਖਾਲਸਾ ਦੀਵਾਨ ਦੇ ਮੁਖੀਆਂ ਵਿਚੋਂ ਸਨ। ਆਪ ਜੀ ਨੇ ਲਗਭਗ 65-70 ਵਰ੍ਹੇ ਸਾਹਿਤ-ਸੇਵਾ ਕੀਤੀ ਅਤੇ ਜੂਨ, 1957 ਨੂੰ ਵਾਹਿਗੁਰੂ ਜੀ ਦੀ ਗੋਦ ਵਿਚ ਜਾ ਬਿਰਾਜੇ। ਮੈਂ ਉਨ੍ਹਾਂ ਦੀ 58 ਵੀਂ ਬਰਸੀ ਸਮੇਂ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ।

**ਡਾ: ਜਸਵਿੰਦਰ ਸਿੰਘ ਢਿੱਲੋਂ ਸਕੱਤਰ ਐਜੂਕੇਸ਼ਨਲ ਕਮੇਟੀ:** ਚੀਫ਼ ਖ਼ਾਲਸਾ ਦੀਵਾਨ ਨੂੰ ਨਵ-ਚੇਤਨਾ ਦਾ ਮੋਢੀ ਬਣਾਉਣ ਲਈ ਭਾਈ ਵੀਰ ਸਿੰਘ ਜੀ ਦੀਆਂ ਸੇਵਾਵਾਂ ਇਤਿਹਾਸਕ ਹਨ।

ਮੈਂ ਇਸ ਮਹਾਨ ਦੂਰ-ਅੰਦੇਸ਼ ਵੱਡ-ਆਤਮਾ ਨੂੰ ਕੌਮ ਲਈ ਕੀਤੇ ਸਥਾਈ ਕਾਰਜਾਂ ਲਈ ਉਹਨਾਂ ਦੀ 58ਵੀਂ ਬਰਸੀ ਤੇ ਸ਼ਰਧਾਂਜਲੀ ਅਰਪਿਤ ਕਰਦਿਆਂ ਆਪਣੇ ਆਪ ਨੂੰ ਵਡਭਾਗੀ ਸਮਝਦਾ ਹਾਂ।

**ਸੰਤੋਖ ਸਿੰਘ ਸੇਠੀ ਐਡੀ:ਆਨਰੇਰੀ ਸਕੱਤਰ, ਐਜੂਕੇਸ਼ਨਨ ਕਮੇਟੀ:** ਸਿੰਘ ਸਭਾ ਦੇ ਆਸ਼ਿਆਂ ਅਨੁਸਾਰ ਚੀਫ਼ ਖ਼ਾਲਸਾ ਦੀਵਾਨ ਦਾ ਮਾਰਗ ਦਰਸ਼ਨ ਕਰਕੇ ਸਿੱਖਾਂ ਅਤੇ ਸਿੱਖੀ ਦੇ ਅਜੋਕੇ ਨਰੋਏ ਸਰੂਪ ਦੀ ਰੂਪ-ਰੇਖਾ ਤਿਆਰ ਕਰਨ ਵਿਚ ਭਾਈ ਵੀਰ ਸਿੰਘ ਦੀਆਂ ਸੇਵਾਵਾਂ ਇਤਿਹਾਸਕ ਹਨ। ਆਪ ਦੀਆਂ ਸਾਹਿਤਕ ਰਚਨਾਵਾਂ-ਗਦ ਅਤੇ ਪੱਦ-ਨੇ ਪੰਜਾਬੀ ਭਾਸ਼ਾ ਨੂੰ ਭਾਰਤ ਦੀਆਂ ਬਾਕੀ ਭਾਸ਼ਾਵਾਂ ਦੇ ਬਰਾਬਰ ਲੈ ਆਂਦਾ ਹੈ।

ਮੈਂ ਇਸ ਮਹਾਨ ਹਸਤੀ ਨੂੰ ਉਹਨਾਂ ਦੀ 58ਵੀਂ ਬਰਸੀ ਤੇ ਸ਼ਰਧਾਂਜਲੀ ਪੇਸ਼ ਕਰਦਾ ਹਾਂ।

**ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ:** ਆਧੁਨਿਕ ਪੰਜਾਬੀ ਸਾਹਿਤ ਦੇ ਸਿਰਜਕ ਭਾਈ ਵੀਰ ਸਿੰਘ ਜੀ ਦੀ ਸੋਚ ਹਰ ਖ਼ੇਤਰ ਵਿਚ ਭਵਿਖ ਮੁੱਖੀ ਸੀ। ਉਨ੍ਹਾਂ ਨੇ ਇਸ ਤੱਥ ਨੂੰ ਭਲੀਭਾਂਤ ਸਮਝ ਲਿਆ ਸੀ ਕਿ ਮਾਨਵਵਾਦੀ ਸਿੱਖ ਵਿਚਾਰਧਾਰਾ ਨੂੰ ਸਮਕਾਲ ਦੇ ਈਸਾਈਅਤ ਦੇ ਮਾਇਆਜਾਲ ਤੇ ਬ੍ਰਾਹਮਣਵਾਦੀ ਫੋਕੇ ਰਸਮੋਂ ਰਿਵਾਜ਼ਾਂ ਵਾਲੀ ਸੋਚ ਦੇ ਝਖੜਾਂ ਤੋਂ ਸਿੱਖ-ਚੇਤਨਾ ਨੂੰ ਬਚਾਉਣ ਲਈ ਸਿੱਖ ਵਿਚਾਰਧਾਰਾ ਨੂੰ ਨਵੀਨ ਢੰਗ ਤੇ ਮੁਹਾਵਰੇ ਵਿਚ ਇਸ ਤਰ੍ਹਾਂ ਸੰਚਾਰਨ ਤੇ ਪ੍ਰਸਾਰਨ ਦੀ ਲੋੜ ਹੈ ਕਿ ਉਹ ਇਸਨੂੰ ਸਹਿਜ ਨਾਲ ਆਪਣੀ ਸਮਝ ਦਾ ਅੰਗ ਬਣਾ ਸਕਣ। ਮੈਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਰਚਨਾ 'ਸੁੰਦਰੀ' ਪੜ੍ਹ ਕੇ ਇਤਨੀ ਪ੍ਰਭਾਵਿਤ ਹੋਈ ਕਿ ਉਨ੍ਹਾਂ ਦੀਆਂ ਬਾਕੀ ਰਚਨਾਵਾਂ ਪੜ੍ਹਨ ਲਈ ਵੀ ਆਪ-ਮੁਹਾਰੇ ਉਤਸੁਕ ਹੋ ਗਈ। ਸਿੱਖ ਸਾਹਿਤ ਰਚਨ ਵਿਚ ਉਨ੍ਹਾਂ ਦੀ ਦੇਣ ਅਮਰ ਹੈ। ਅਦਾਰਾ 'ਨਿਰਗੁਣਿਆਰਾ' ਵਲੋਂ ਭਾਈ ਵੀਰ ਸਿੰਘ ਜੀ ਦੀ 58 ਵੀਂ ਬਰਸੀ ਨੂੰ ਯਾਦ ਕਰਨ ਤੇ ਕਰਵਾਉਣ ਵਿਚ ਭਾਈ ਸਾਹਿਬ ਨੂੰ ਮੈਂ ਸ਼ਰਧਾ ਦੇ ਫੁੱਲ ਅਰਪਨ ਕਰਦੀ ਹਾਂ।

**ਡਾ: ਧਰਮਵੀਰ ਸਿੰਘ ਡਾਇਰੈਕਟਰ ਐਜੂਕੇਸ਼ਨ:** ਭਾਈ ਵੀਰ ਸਿੰਘ ਜੀ ਦਾ ਨਾਂ ਸਿੱਖ ਇਤਿਹਾਸ ਦੇ ਉਸਰਈਆਂ ਦੇ ਗਗਨ ਮੰਡਲ ਵਿੱਚ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈ: ਨੂੰ ਡਾ: ਚਰਨ ਸਿੰਘ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਵਿੱਚ ਉਸ ਸਮੇਂ ਹੋਇਆ ਜਦੋਂ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਚੁੱਕਾ ਸੀ ਅਤੇ ਅੰਗਰੇਜ਼ੀ ਬੋਲੀ ਨੇ ਹਰ ਇੱਕ ਉੱਤੇ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ ਸੀ। ਜਦ ਭਾਈ ਸਾਹਿਬ ਨੇ ਇਸ ਕਮੀ ਨੂੰ ਮਹਿਸੂਸ ਕੀਤਾ ਤਾਂ ਉਹਨਾਂ ਨੇ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਦਾ ਬੀੜਾ ਚੁੱਕ ਲਿਆ। ਸਿੱਖ ਸੰਗਤਾਂ ਵੱਲੋਂ ਆਪਣੀ ਇਸ ਮਹਿਬੂਬ ਸ਼ਖਸੀਅਤ ਨੂੰ ਸੱਚੀ ਸ਼ਰਧਾਂਜਲੀ ਇਹ ਹੈ ਕਿ ਅਸੀਂ ਉਹਨਾਂ ਦੇ ਪਾਏ ਪੂਰਨਿਆਂ ਉੱਤੇ ਚਲਦੇ ਹੋਏ ਸਿੱਖੀ ਨੂੰ ਪ੍ਰਫੁਲਤ ਕਰਨ ਲਈ ਯਤਨਸ਼ੀਲ ਰਹੀਏ ਅਤੇ ਉੱਚ ਦਰਜੇ ਦੇ ਪੰਜਾਬੀ ਸਹਿਤਕ ਵਿਰਸੇ ਨੂੰ ਹਰਮਨ ਪਿਆਰਾ ਬਨਾਉਣ ਵਿੱਚ ਹਰ ਸੰਭਵ ਯੋਗਦਾਨ ਪਾਈਏ।

**ਅਜੀਤ ਸਿੰਘ ਅੰਡਰ ਸੈਕਟਰੀ :** ਆਧੁਨਿਕ ਪੰਜਾਬੀ ਦੇ ਬਹੁ-ਪੱਖੀ ਤੇ ਬਹੁ-ਮੰਤਵੀ ਸਾਹਿਤਕਾਰ ਭਾਈ ਸਾਹਿਬ ਡਾ: ਵੀਰ ਸਿੰਘ ਜੀ ਨੇ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਦੇ ਪਰਚਾਰ ਤੇ ਪਰਸਾਰ ਲਈ ਆਪ ਨੇ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ 1894 ਵਿਚ ਸਥਾਪਨਾ ਕੀਤੀ। ਇਸ ਦੇ ਅਧੀਨ ਪਰਕਾਸ਼ਤ ਹੋਣ ਵਾਲੇ ਮਾਸਕ ਪੱਤਰ 'ਨਿਰਗੁਣੀਆਰਾ' ਰਾਹੀਂ ਟ੍ਰੈਕਟਾਂ ਦੇ ਰੂਪ ਵਿਚ ਸਿੰਘ ਸਭਾ ਦੇ ਆਸ਼ਿਆਂ ਨੂੰ ਪੂਰਾ ਕੀਤਾ।

ਮੈਂ ਉਹਨਾਂ ਦੀ 58ਵੀਂ ਬਰਸੀ ਤੇ ਉਹਨਾਂ ਨੂੰ ਤੇ ਉਹਨਾਂ ਦੇ ਕੀਤੇ ਕਾਰਜਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

# ਭਾਈ ਵੀਰ ਸਿੰਘ ਖੋਜ ਕੇਂਦਰ

*ਡਾ. ਹਰਚੰਦ ਸਿੰਘ ਬੇਦੀ**

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਗਭਗ 85 ਸਾਲ ਜੀਵੇ ਅਤੇ 65 ਸਾਲ ਲਗਾਤਾਰ ਸਾਹਿਤ ਸਾਧਨਾ, ਸਮਾਜਕ ਸਾਧਨਾ, ਖੋਜ ਸਾਧਨਾ ਤੇ ਮਾਨਵੀ ਕਲਿਆਣ ਲਈ ਕਰਮਯੋਗੀ ਬਣ ਕੇ ਕਾਰਜਸ਼ੀਲ ਰਹੇ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਪੰਜਾਬੀ-ਸਾਹਿਤ, ਗੁਰਮਤਿ-ਸਾਹਿਤ, ਪੰਜਾਬੀ-ਪੱਤਰਕਾਰੀ, ਸਿੱਖ ਇਤਿਹਾਸਕਾਰੀ, ਗੁਰਬਾਣੀ ਤੇ ਟੀਕਾ ਕਾਰੀ ਦੇ ਪ੍ਰਸੰਗ ਵਿਚ ਇਕ ਅਜਿਹੀ ਬੇਨਜ਼ੀਰ ਹਸਤੀ ਸਨ ਜਿਨ੍ਹਾਂ ਦੀ ਅੱਜ ਕੋਈ ਹੋਰ ਮਿਸਾਲ ਲੱਭ ਸਕਣੀ ਸੰਭਵ ਨਹੀਂ ਹੈ। ਉਨ੍ਹਾਂ ਨੂੰ ਪਾਠਕਾਂ, ਸਿੱਖਾਂ ਤੇ ਵਿਦਵਾਨਾਂ ਪਾਸੋਂ ਭਰਪੂਰ ਪ੍ਰਸ਼ੰਸਾ ਤਾਂ ਪ੍ਰਾਪਤ ਹੋਈ ਹੀ ਪਰ ਨਾਲ ਹੀ, ਉਨ੍ਹਾਂ ਨੂੰ ਉਹ ਸਾਰੇ ਮਾਨ, ਸਨਮਾਨ, ਪੁਰਸਕਾਰ ਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਹੋਏ ਜੋ ਕਿਸੇ ਮਹਾਨ ਸਾਹਿਤਕਾਰ ਨੂੰ ਹੀ ਪ੍ਰਾਪਤ ਹੋ ਸਕਦੇ ਹਨ।

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਦੀ ਉਪਰ ਅੰਕਿਤ ਕੀਰਤੀ, ਬੇਮਿਸਾਲ ਭੂਮਿਕਾ ਤੇ ਚੁੰਬਕੀ ਸ਼ਖ਼ਸੀਅਤ ਨੂੰ ਪੁਨਰ ਸਿਮਰਨ ਤੇ ਖੋਜ ਦਾ ਪਾਤਰ ਬਨਾਉਣ ਲਈ,ਹੁਣ ਇਸ ਭਾਈ ਵੀਰ ਸਿੰਘ ਖੋਜ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ।

ਭਾਈ ਵੀਰ ਸਿੰਘ ਜੀ ਦੁਆਰਾ ਕੀਤੀ ਗਈ ਤੇ ਉਨ੍ਹਾਂ ਦੇ ਕੰਮਾਂ ਉਤੇ ਹੋਈ ਖੋਜ ਤੇ ਸਮੀਖਿਆ ਨੂੰ ਹੋਰ ਵਿਸਤਾਰ ਦੇਣਾ ਹੀ ਇਸ ਕੇਂਦਰ ਦੀ ਸਥਾਪਨਾ ਦਾ ਮੂਲ ਉਦੇਸ਼ ਨਿਰਧਾਰਤ ਕੀਤਾ ਗਿਆ ਹੈ। ਭਾਈ ਵੀਰ ਸਿੰਘ ਨਾਲ ਸਬੰਧਿਤ ਖੋਜ ਕੇਂਦਰ ਦੀ ਸਥਾਪਨਾ ਦਾ ਮੂਲ ਉਦੇਸ਼ ਇਹ ਹੈ ਕਿ ਭਾਈ ਸਾਹਿਬ ਦੇ ਜੀਵਨ, ਸਾਹਿਤ ਤੇ ਵਿਚਾਰਧਾਰਾ ਦੇ ਪ੍ਰਚਾਰ, ਪ੍ਰਸਾਰ ਤੇ ਨਵੀਂ ਪੀੜ੍ਹੀ ਨਾਲ ਪ੍ਰੀਚਿਤ ਕਰਵਾਉਣ ਲਈ ਤੇ ਉਨ੍ਹਾਂ ਨਾਲ ਸੰਵਾਦ ਰਚਾਉਣ ਲਈ, ਅਜਿਹੇ ਖੋਜ ਕੇਂਦ੍ਰਿਤ ਨਿੱਗਰ, ਪ੍ਰਭਾਵਸ਼ਾਲੀ ਤੇ ਸੰਚਾਰੀ ਉਦਮ ਕੀਤੇ ਜਾਣ।

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ, ਹੁਣ ਇਸ ਕੇਂਦਰ ਦੀ ਸਥਾਪਨਾ ਹੋਣੀ, ਹੋਰ ਵੀ ਮਹੱਤਵ ਗ੍ਰਹਿਣ ਕਰ ਜਾਂਦੀ ਹੈ ਕਿਉਂਕਿ ਅੱਜ ਦੇ ਖ਼ਪਤ ਸਭਿਆਚਾਰ ਵਿਚ, ਪਦਾਰਥਕ ਪਹੁੰਚ ਵਿਧੀ ਕਰਕੇ ਤੇ ਪੂੰਜੀ ਦੀ ਇਸ ਅੰਨ੍ਹੀ ਦੌੜ ਵਿਚ, ਭਾਈ ਵੀਰ ਸਿੰਘ ਹੋਰਾਂ ਦਾ ਸਾਹਿਤ, ਜੀਵਨ ਫਲਸਫ਼ਾ ਤੇ ਗੁਰਮਤਿ ਸਿੱਧਾਂਤਕਾਰੀ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੋਰ ਵੀ ਪ੍ਰਸੰਗਿਕ, ਮਹੱਤਵਪੂਰਨ ਤੇ ਜ਼ਰੂਰੀ ਹੋ ਗਿਆ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਮੁਲਵਾਨ ਲਿਖਤਾਂ ਦੀ ਇਕ ਗੰਭੀਰ ਤੇ ਸਿੱਖ ਕੌਮ ਦੇ ਦ੍ਰਿਸ਼ਟੀਕੋਣ ਤੋਂ, ਸੰਪਾਦਨਾ ਤੇ ਪੁਨਰ ਪ੍ਰਕਾਸ਼ਨਾ ਰਾਹੀਂ ਪਾਠਕਾਂ ਤੇ ਬੱਚਿਆਂ ਨੂੰ, ਇਸ ਧਾਰਾ ਨਾਲ ਮੁੜ ਜੋੜਨ ਲਈ ਨਿਰੰਤਰ ਉਦਮ ਕੀਤੇ ਜਾਣੇ ਆਵੱਸ਼ਕ ਹੋ ਗਏ ਹਨ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੁਆਰਾ ਕੀਤੇ ਸਾਹਿਤਕ, ਸਮਾਜਕ, ਗੁਰਮਤਿ ਕੇਂਦ੍ਰਿਤ, ਧਾਰਮਿਕ, ਸਭਿਆਚਾਰਕ, ਵਿਦਿਅਕ ਤੇ ਹੋਰਨਾਂ ਖੇਤਰਾਂ ਵਿਚ ਕੀਤੇ ਯਾਦਗਾਰੀ ਕੰਮਾਂ ਤੇ ਹੋਰ ਮਹੱਤਵਪੂਰਨ ਭੂਮਿਕਾਵਾਂ ਨੂੰ 'ਭਾਈ ਵੀਰ ਸਿੰਘ ਵਿਸ਼ਵ ਕੋਸ਼' ਵਿਚ ਵਿਸਤ੍ਰਿਤ ਤੇ ਪ੍ਰਮਾਣਿਕ ਰੂਪ ਵਿਚ ਤਿਆਰ ਕਰਕੇ ਪ੍ਰਕਾਸ਼ਿਤ ਕੀਤਾ ਜਾਣਾ,ਅਤਿਅੰਤ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਨੂੰ ਸਮੁੱਚੇ ਸਾਹਿਤਕ ਜਗਤ ਤੇ ਸਿੱਖ ਜਗਤ ਵੱਲੋਂ ਸ਼ਰਧਾਂਜਲੀ ਦਿੱਤੀ ਜਾ ਸਕੇ। ਪੰਜਾਬੀ ਜ਼ਬਾਨ ਤੇ ਇਤਿਹਾਸ ਵਿਚ ਕਿਸੇ - ਲੇਖਕ ਬਾਰੇ ਇਹ ਪਹਿਲਾ ਵਿਸ਼ਵ ਕੋਸ਼ ਹੋਵੇਗਾ, ਜਿਸ ਵਿਚ ਉਨ੍ਹਾਂ ਬਾਰੇ ਹਰ ਤਰ੍ਹਾਂ ਦੀ ਪ੍ਰਾਪਤ ਸਮੱਗਰੀ ਸੰਚਿਤ ਰੂਪ ਵਿਚ ਪਾਠਕਾਂ ਨੂੰ ਉਪਲਬਧ ਹੋਵੇਗੀ ਤੇ ਇਸ ਪਹਿਲ ਦਾ ਸਿਹਰਾ, ਚੀਫ਼ ਖ਼ਾਲਸਾ ਦੀਵਾਨ ਸਿਰ ਬੱਝੇਗਾ। ਇਹ ਇਸ ਖੋਜ ਕੇਂਦਰ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝੀ ਜਾਵੇਗੀ।

ਅਜੋਕੇ ਵਿਦਿਆਰਥੀਆਂ ਤੇ ਆਧੁਨਿਕ ਨਵੀਂ ਪੀੜ੍ਹੀ ਨੂੰ ਮੁੱਢਲੀ ਜਾਣਕਾਰੀ ਮੁਹੱਈਆ ਕਰਨ ਲਈ ਭਾਈ ਸਾਹਿਬ ਬਾਰੇ ਇਕ ਸੰਦਰਭ ਪੁਸਤਕ ਤਿਆਰ ਕੀਤੀ ਜਾਵੇਗੀ ਜਿਸ ਵਿਚ ਪ੍ਰਸ਼ਨੋਤਰੀ ਦੇ ਰੂਪ ਵਿਚ ਪੰਜਾਬੀ ਤੇ ਅੰਗਰੇਜ਼ੀ ਵਿਚ ਸਮੱਗਰੀ ਸ਼ਾਮਲ ਹੋਵੇਗੀ, ਸੰਭਵਤਾ ਜੋ ਹਰ ਵਿਦਿਆਰਥੀ ਨੂੰ ਦਿੱਤੀ ਜਾਵੇਗੀ ਤਾਂ ਜੋ ਉਸ ਦੇ ਆਧਾਰ ਉੱਤੇ ਕੁਵਿਜ਼ ਜਾਂ ਹੋਰ ਮੁਕਾਬਲੇ ਕਰਵਾਉਣ ਦੀ ਸੁਵਿਧਾ ਵੀ ਪੈਦਾ ਕੀਤੀ ਜਾਵੇ। ਅਜਿਹਾ ਹੋਣ ਨਾਲ ਭਾਈ ਸਾਹਿਬ ਬਾਰੇ ਜਾਗਰੂਕਤਾ ਪੈਦਾ ਕਰਨ ਵਿਚ ਸਹਾਇਤਾ ਮਿਲੇਗੀ।

ਭਾਈ ਸਾਹਿਬ ਦੀਆਂ ਲਿਖਤਾਂ ਦੇ ਸਰਲ, ਸੋਧੇ ਹੋਏ, ਸੰਚਾਰੀ ਪ੍ਰਕਾਸ਼ਨ ਤੋਂ ਉਨ੍ਹਾਂ ਉਪਰ ਖੋਜ ਦੀ ਸੁਵਿਧਾ ਵੀ ਰੱਖੀ ਜਾਵੇਗੀ ਜਿੱਥੇ ਉਨ੍ਹਾਂ ਦੀ ਵਰਤਮਾਨ ਪ੍ਰਸੰਗਿਕਤਾ ਨੂੰ ਸਥਾਪਿਤ ਤੇ ਪ੍ਰਸਾਰਿਤ ਕਰਨ ਲਈ ਵਿਉਂਤ ਬੰਦੀਆਂ ਕੀਤੀਆਂ ਜਾਣਗੀਆਂ।

ਭਾਈ ਸਾਹਿਬ ਦੀ ਏਨੀ ਮਹਾਨ ਦੇਣ ਹੈ ਕਿ ਉਸ ਦੇਣ ਨੂੰ ਠੀਕ ਪ੍ਰਸੰਗ ਤੇ ਪਰਿਪੇਖ ਵਿਚ ਅਤੇ ਹੁਣ ਤਕ ਸਹੀ ਦਿਸ਼ਾ ਵਿਚ ਓਨਾ ਉਜਾਗਰ ਨਹੀਂ ਕੀਤਾ ਜਾ ਸਕਿਆ ਜਿੰਨਾ ਕੀਤਾ ਜਾਣਾ ਚਾਹੀਦਾ ਸੀ। ਇਸ ਲਈ ਇਸ ਪ੍ਰਸੰਗ ਵਿਚ ਸਕੂਲਾਂ-ਕਾਲਜਾਂ ਵਿਚ ਸਮਾਗਮ ਕਰਵਾਉਣ ਤੋਂ ਇਲਾਵਾ ਇਕ ਲੈਕਚਰ ਲੜੀ, ਟੇਬਲ ਟਾਕ ਤੇ ਸੈਮੀਨਾਰ ਕਰਵਾਉਣ ਦੀ ਵੀ ਯੋਜਨਾ ਬਣਾਈ ਜਾਏਗੀ।

ਭਾਈ ਸਾਹਿਬ ਭਾਈ ਵੀਰ ਜੀ ਬਾਰੇ ਹੁਣ ਤਕ ਹੋਏ ਕੰਮ ਨੂੰ ਖੋਜ ਕੇਂਦ੍ਰਿਤ ਦ੍ਰਿਸ਼ਟੀ ਤੋਂ ਪਹਿਲਾਂ, ਉਸ ਦੀ documentation ਕੀਤੇ ਜਾਣ ਦੀ ਵੀ ਯੋਜਨਾ ਹੈ। ਅਜਿਹਾ ਹੋਣ ਨਾਲ ਇਕ ਤਾਂ, ਉਨ੍ਹਾਂ ਬਾਰੇ ਪ੍ਰਾਪਤ ਸਾਰੀ ਸਮੱਗਰੀ ਦਾ ਇਕੱਤ੍ਰੀਕਰਣ ਹੋ ਜਾਏਗਾ, ਦੂਜਾ, ਉਨ੍ਹਾਂ ਬਾਰੇ ਹੋ ਰਹੇ ਨਵੇਂ ਕੰਮ ਸਮੇਂ ਸਮੇਂ ਉਸ ਵਿਚ ਸ਼ਾਮਲ ਹੁੰਦੇ ਜਾਣਗੇ, ਤੀਜਾ, ਉਤਰਕਾਲੀ ਖੋਜੀਆਂ ਲਈ ਇਕ ਜ਼ਰਖੇਜ਼ ਜ਼ਮੀਨ ਤਿਆਰ ਹੋ ਜਾਵੇਗੀ।

ਇਉਂ ਅਸੀਂ ਸਮੇਂ ਸਮੇਂ ਨਵੀਆਂ ਯੋਜਨਾਵਾਂ ਉਲੀਕਦੇ ਰਹਾਂਗੇ ਤੇ ਭਾਈ ਸਾਹਿਬ ਬਾਰੇ ਖੋਜ, ਚਿੰਤਨ, ਮੰਥਨ ਤੇ ਸਾਹਿਤ ਸਿਰਜਣਾ ਦੀ ਪ੍ਰਕਿਰਿਆ ਆਪਣੀ ਨਿਰੰਤਰਤਾ ਵਿਚ ਕਾਰਜਸ਼ੀਲ ਰਹੇਗੀ।

❑❑❑

* ਡਾਇਰੈਕਟਰ, ਭਾਈ ਵੀਰ ਸਿੰਘ ਖੋਜ ਕੇਂਦਰ, ਚੀ. ਖ਼ਾ. ਦੀ. ਅੰਮ੍ਰਿਤਸਰ।